# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162

Epaper World Punjabi Times | 14 ਅਕਤੂਬਰ 2025 ਦਿਨ ਮੰਗਲਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਅਕੈਡਮੀ ਵੱਲੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਉਤਸਵ ਮੌਕੇ ਪਿੰਡ ਨੌਗਾਮ, ਪਹਲਗਾਮ (ਅਨੰਤਨਾਗ) ਵਿਖੇ ਕਵੀ ਦਰਬਾਰ ਤੇ ਸ਼ਬਦ ਕੀਰਤਨ ਦਾ ਆਯੋਜਨ: ਸਮੇਂ ਦੀ ਮੰਗ – ਪੋਪਿੰਦਰ ਸਿੰਘ ਪਾਰਸ

ਵਰਲਡ ਪੰਜਾਬੀ ਟਾਈਮਜ਼
ਬਲਵਿੰਦਰ 'ਬਾਲਮ' ਗੁਰਦਾਸਪੁਰ




ਪਹਲਗਾਮ, 14 ਅਕਤੂਬਰ : ਜੰਮੂ ਅਤੇ ਕਸ਼ਮੀਰ ਅਕੈਡਮੀ ਆਫ ਆਰਟ, ਕਲਚਰ ਐਂਡ ਲੈਂਗੁਏਜਿਜ਼ (JKAACL) ਵੱਲੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਉਤਸਵ ਦੇ ਪਵਿੱਤਰ ਮੌਕੇ 'ਤੇ ਪਿੰਡ ਨੌਗਾਮ, ਪਹਲਗਾਮ (ਅਨੰਤਨਾਗ) ਵਿਖੇ ਇੱਕ ਰੂਹਾਨੀ ਕਵੀ ਦਰਬਾਰ ਤੇ ਸ਼ਬਦ ਕੀਰਤਨ ਦਾ ਆਯੋਜਨ ਕੀਤਾ ਗਿਆ।

ਇਸ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰੀ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਸ਼ਰਧਾ ਨਾਲ ਮੱਥਾ ਟੇਕਿਆ। ਸਮਾਗਮ ਦੀ ਸ਼ੁਰੂਆਤ ਪ੍ਰਸਿੱਧ ਰਾਗੀਆਂ — ਸ. ਬੇਅੰਤ ਸਿੰਘ, ਸ. ਚਮਕੌਰ ਸਿੰਘ ਅਤੇ ਸ. ਹਰਪ੍ਰੀਤ ਸਿੰਘ — ਵੱਲੋਂ ਗੁਰਬਾਣੀ ਸ਼ਬਦ ਕੀਰਤਨ ਨਾਲ ਹੋਈ। ਉਨ੍ਹਾਂ ਦੇ ਮਿੱਠੇ ਤੇ ਆਤਮਕ ਸੁਰਾਂ ਨੇ ਪੂਰੇ ਮਾਹੌਲ ਨੂੰ ਸ਼ਾਂਤੀ ਤੇ ਸ਼ਰਧਾ ਨਾਲ ਭਰ ਦਿੱਤਾ। ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ਾਂ — ਸਚ, ਨਿਮਰਤਾ ਤੇ ਮਨੁੱਖਤਾ ਦੀ ਏਕਤਾ — ਦਾ ਸੁਨੇਹਾ ਕਾਵਿ ਤੇ ਕੀਰਤਨ ਰਾਹੀਂ ਪ੍ਰਗਟ ਕੀਤਾ।

ਸ. ਜੋਰਾਵਰ ਸਿੰਘ, ਪ੍ਰਸਿੱਧ ਵਿਦਵਾਨ ਤੇ ਵਕਤਾ, ਨੇ ਆਪਣੇ ਵਿਸ਼ੇਸ਼ ਸੰਬੋਧਨ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੇ ਆਦਰਸ਼ਾਂ ਉੱਤੇ ਚਾਨਣ ਪਾਇਆ। ਉਨ੍ਹਾਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਜੀ ਸਿਰਫ ਸਿੱਖ ਧਰਮ ਦਾ ਗ੍ਰੰਥ ਨਹੀਂ ਸਗੋਂ ਪੂਰੀ ਮਨੁੱਖਤਾ ਲਈ ਆਤਮਕ ਗਿਆਨ ਤੇ ਪ੍ਰੇਰਣਾ ਦਾ ਸਰੋਤ ਹਨ। ਉਨ੍ਹਾਂ ਨੇ ਜ਼ੋਰ ਦਿੱਤਾ ਕਿ ਗੁਰੂ ਸਾਹਿਬ ਦੇ ਉਪਦੇਸ਼ ਸਦਾ ਸਚਾਈ, ਸਹਿਣਸ਼ੀਲਤਾ ਤੇ ਪ੍ਰੇਮ ਦੇ ਰਾਹ ਤੇ ਤੁਰਨ ਲਈ ਪ੍ਰੇਰਿਤ ਕਰਦੇ ਹਨ।

ਸ. ਕਿੰਗੀ ਸਿੰਘ ਨੇ ਵੀ ਆਪਣੇ ਵਿਚਾਰ ਪ੍ਰਗਟ ਕਰਦਿਆਂ ਅਕੈਡਮੀ ਵੱਲੋਂ ਪੰਜਾਬੀ ਸਾਹਿਤਕ ਤੇ ਆਧਿਆਤਮਿਕ ਸਮਾਗਮਾਂ ਦੇ ਆਯੋਜਨ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਇਹ ਉਪਰਾਲੇ ਨੌਜਵਾਨ ਪੀੜ੍ਹੀ ਨੂੰ ਆਪਣੇ ਸਾਹਿਤ, ਭਾਸ਼ਾ ਅਤੇ ਗੁਰਮਤਿ ਸੰਗੀਤ ਨਾਲ ਜੋੜਦੇ ਹਨ।

ਅਕੈਡਮੀ ਵੱਲੋਂ ਸ. ਪੋਪਿੰਦਰ ਸਿੰਘ ਪਾਰਸ, ਸੀਨੀਅਰ ਐਡੀਟਰ ਸ਼ੀਰਾਜਾ ਪੰਜਾਬੀ, ਨੇ ਆਪਣੇ ਸੰਬੋਧਨ ਵਿੱਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਸ਼ਵਵਿਆਪੀ ਸਿੱਖਿਆ ਤੇ ਚਾਨਣ ਪਾਇਆ। ਉਨ੍ਹਾਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਜੀ ਦਾ ਫ਼ਲਸਫ਼ਾ ਮਨੁੱਖਤਾ ਨੂੰ ਸਦਾ ਲਈ ਜੋੜਨ ਵਾਲਾ ਹੈ — ਜਿਸ ਵਿੱਚ ਸਭ ਧਰਮਾਂ, ਜਾਤਾਂ ਤੇ ਵਰਗਾਂ ਲਈ ਇਕੋ ਹੀ ਸੁਨੇਹਾ ਹੈ: "ਇਕ ਨੂਰ ਤੇ ਸਭ ਜਗ ਉਪਜਿਆ।"
ਉਨ੍ਹਾਂ ਅਕੈਡਮੀ ਦੀ ਇਸ ਵਚਨਬੱਧਤਾ ਦਾ ਜ਼ਿਕਰ ਕੀਤਾ ਕਿ ਪੰਜਾਬੀ ਭਾਸ਼ਾ, ਸਾਹਿਤ ਅਤੇ ਸਿੱਖ ਆਧਿਆਤਮਿਕ ਵਿਰਾਸਤ ਦੇ ਪ੍ਰਚਾਰ-ਪ੍ਰਸਾਰ ਲਈ ਖ਼ਾਸਕਰ ਕਸ਼ਮੀਰ ਘਾਟੀ ਦੇ ਦੂਰਦਰਾਜ਼ ਖੇਤਰਾਂ ਵਿੱਚ ਨਿਰੰਤਰ ਯਤਨ ਜਾਰੀ ਹਨ, ਜਿੱਥੇ ਸਿੱਖ ਭਾਈਚਾਰਾ ਸਦੀਆਂ ਤੋਂ ਵਸਦਾ ਆ ਰਿਹਾ ਹੈ।

ਸਮਾਗਮ ਵਿੱਚ ਪਿੰਡ ਦੇ ਹੁਨਰਮੰਦ ਬੱਚਿਆਂ — ਰਮਨਦੀਪ ਕੌਰ, ਸੁਨਮੀਤ ਕੌਰ, ਤਾਰਾ ਸਿੰਘ, ਮੰਜੀਤ ਸਿੰਘ, ਅਰਸ਼ਦੀਪ ਸਿੰਘ, ਸੋਹਨਪ੍ਰੀਤ ਸਿੰਘ, ਅਵਤਾਰ ਸਿੰਘ, ਮਨਪ੍ਰੀਤ ਕੌਰ, ਜੋਤੀ ਕੌਰ, ਕਾਜਲ ਕੌਰ ਆਦਿ — ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਰਪਿਤ ਕਵਿਤਾਵਾਂ ਪੜ੍ਹੀਆਂ, ਜਿਨ੍ਹਾਂ ਨੂੰ ਹਾਜ਼ਰ ਸੰਗਤ ਵੱਲੋਂ ਖੂਬ ਪ੍ਰਸ਼ੰਸਾ ਮਿਲੀ।

ਸਮਾਗਮ ਦਾ ਸੁਚਾਰੂ ਸਾਂਭ-ਸੰਭਾਲ ਸ. ਚਮਕੌਰ ਸਿੰਘ, ਸਕੱਤਰ, ਗੁਰਦੁਆਰਾ ਸਿੰਘ ਸਭਾ ਨੌਗਾਮ ਵੱਲੋਂ ਕੀਤਾ ਗਿਆ।

ਅੰਤ ਵਿੱਚ ਸ. ਸੁਰਿੰਦਰ ਸਿੰਘ, ਪ੍ਰਧਾਨ, ਗੁਰਦੁਆਰਾ ਸਿੰਘ ਸਭਾ ਨੌਗਾਮ, ਨੇ ਧੰਨਵਾਦ ਪ੍ਰਸਤੁਤ ਕਰਦਿਆਂ ਜੰਮੂ ਅਤੇ ਕਸ਼ਮੀਰ ਅਕੈਡਮੀ ਆਫ ਆਰਟ, ਕਲਚਰ ਐਂਡ ਲੈਂਗੁਏਜਿਜ਼ ਦਾ ਤਹਿ-ਦਿਲੋਂ ਆਭਾਰ ਜਤਾਇਆ ਕਿ ਉਹ ਪੰਜਾਬੀ ਸਭਿਆਚਾਰ ਅਤੇ ਸਿੱਖ ਆਧਿਆਤਮਿਕ ਮੁੱਲਾਂ ਨੂੰ ਅਗੇ ਵਧਾਉਣ ਲਈ ਇਸ ਤਰ੍ਹਾਂ ਦੇ ਪਵਿੱਤਰ ਉਪਰਾਲੇ ਕਰ ਰਹੀ ਹੈ।

ਇਹ ਸਮਾਗਮ ਗੁਰਬਾਣੀ ਦੇ ਸੁਰਾਂ ਤੇ ਸ਼ਰਧਾ ਭਰੇ ਮਾਹੌਲ ਵਿੱਚ ਸੰਪੰਨ ਹੋਇਆ, ਜਿਸ ਵਿੱਚ ਸੰਗਤਾਂ, ਬਜ਼ੁਰਗਾਂ, ਮਹਿਲਾਵਾਂ ਤੇ ਬੱਚਿਆਂ ਨੇ ਵੱਡੇ ਉਤਸ਼ਾਹ ਨਾਲ ਭਾਗ ਲਿਆ — ਜੋ ਗੁਰੂ ਦੇ ਸੁਨੇਹੇ ਇਕਤਾ, ਸਮਾਨਤਾ ਤੇ ਸ਼ਾਂਤੀ ਦਾ ਜੀਵੰਤ ਪ੍ਰਤੀਕ ਸੀ।

## ਸ਼ਬਦ-ਸਾਂਝ ਕੋਟਕਪੂਰਾ ਤੇ ਕਲਮਾਂ ਦੇ ਰੰਗ ਸਾਹਿਤ ਸਭਾ ਫ਼ਰੀਦਕੋਟ ਵੱਲੋ ਮਨਾਇਆ ਗਿਆ:- ਉਘੇ ਸਾਇਰ ਕੁਲਵਿੰਦਰ ਵਿਰਕ ਦਾ ਜਨਮਦਿਨ

ਵਰਲਡ ਪੰਜਾਬੀ ਟਾਈਮਜ਼
ਸ਼ਿਵਨਾਥ ਦਰਦੀ ਫ਼ਰੀਦਕੋਟ



ਫ਼ਰੀਦਕੋਟ 14 ਅਕਤੂਬਰ : ਕੱਲ੍ਹ ਸਾਡੇ ਬਹੁਤ ਹੀ ਅਜੀਜ ਮਿੱਤਰ ਪੰਜਾਬੀ ਮਾਂ ਬੋਲੀ ਦੇ ਮਾਣਮੱਤੇ ਨੌਜਵਾਨ ਸੰਜੀਦਾ ਸਾਇਰ ਕੁਲਵਿੰਦਰ ਵਿਰਕ ਜੀ ਦਾ ਜਨਮਦਿਨ, ਪੰਜਾਬੀ ਦੇ ਚਰਚਿਤ ਲੋਕ ਗਾਇਕ ਇੰਦਰ ਮਾਨ ਜੀ ਦਫਤਰ ਵਿਖੇ ਇੱਕ ਦਰਜਨ ਤੋ ਉਪਰ ਲੇਖਕਾ , ਗੀਤਕਾਰ, ਲੋਕ ਗਾਇਕਾ ਦੀ ਹਾਜਰੀ ਵਿੱਚ ਖੂਬਸੂਰਤ ਮਹਿਫ਼ਲ ਦੌਰਾਨ ਕੇਕ ਕੱਟ ਕੇ ਮਨਾਇਆ ਗਿਆ। ਇਸ ਸਮੇ ਲੋਕ ਗਾਇਕ ਇੰਦਰ ਨੇ ਆਪਣੇ ਖੂਬਸੂਰਤ ਗੀਤ, ਲੋਕ ਗਾਇਕ ਰਾਜ ਗਿੱਲ ਭਾਣਾ , ਪ੍ਰੀਤ ਭਗਵਾਨ, ਲੋਕ ਗਾਇਕ ਰਾਣਾ ਰਣਜੀਤ, ਗੀਤਕਾਰ ਚੈਨੇ ਵਾਲੇ ਭੱਟੀ ਖੂਬਸੂਰਤ ਸੇਅਰ , ਪ੍ਰੋ ਬੀਰ ਇੰਦਰ ਸਰਾਂ , ਸ਼ਿਵਨਾਥ ਦਰਦੀ ਫ਼ਰੀਦਕੋਟ , ਜਸਨ ਫਨਕਾਰ ਆਪਣੇ ਆਪਣੇ ਸੇਅਰਾਂ ਨਾਲ ਅਤੇ ਵਿਰਕ ਸਾਹਿਬ ਆਪਣੀਆਂ ਵਿਲੱਖਣ ਨਜ਼ਮਾਂ ਪੇਸ਼ਕਾਰੀ ਕਰ ਮਹਿਫ਼ਲ ਖੂਬਸੂਰਤੀ ਨੂੰ ਦੁਗਣਾ ਕੀਤਾ।



ਜੇਕਰ ਦੋਸਤੋ ਨੌਜਵਾਨ ਸਾਇਰ ਕੁਲਵਿੰਦਰ ਵਿਰਕ ਜੀ ਦੀ ਗੱਲ ਕਰੀਏ ਤਾਂ ਵਿਰਕ ਸਾਹਿਬ ਦੀਆਂ ਹੁਣ ਤੱਕ ਇਕ ਦਰਜਨ ਦੇ ਕਰੀਬ ਕਿਤਾਬਾਂ ਸਹਿਤਕ ਖੇਤਰ ਵਿਚ ਆ ਚੁੱਕੀਆਂ ਹਨ। ਜਿਨਾਂ 'ਵਗਦੇ ਪਾਣੀਆਂ ਦਾ ਸਿਰਨਾਵਾਂ' ਨਿਬੰਧ, ਸੋਲਾਂ ਦਿਸੰਬਰ ' ਕਹਾਣੀ ਸੰਗ੍ਰਿਹ', ਜੂਹਾਂ 'ਕਾਵਿ-ਰੰਗ' ਵੈਰਾਗ ਤੇ ਚਿਰਾਗ ' ਕਾਵਿ-ਪੁਸਤਕ' ਤੇ ਪੌਣ-ਪਾਣੀ ਤੇ ਰੇਤ ' ਨਿਬੰਧ ਸੰਗ੍ਰਿਹ' ਆਦਿ ਹਨ। ਵਿਰਕ ਸਾਹਿਬ ਦੀਆਂ ਖੂਬਸੂਰਤ ਕਵਿਤਾਵਾਂ, ਨਜ਼ਮਾਂ , ਨਿਬੰਧ ਤੇ ਕਹਾਣੀਆਂ ਅਕਸਰ ਪੰਜਾਬੀ ਦੇ ਉਚਕੋਟੀ ਦੇ ਮੈਗਜੀਨਾਂ ਤੇ ਅਖਬਾਰਾਂ ਵਿੱਚ ਛਪਦੇ ਰਹਿੰਦੇ ਹਨ। ਏਨਾਂ ਦੀ ਸਹਿਤਕ ਸਮਗਰੀ ਸਾਨੂੰ ਸਮਾਜਿਕ ਤਾਣੇ ਬਾਣੇ ਬਾਰੇ ਤੇ ਸੋਚਣ ਲਈ ਮਜ਼ਬੂਰ ਕਰਦੀ ਹਨ। ਏਨਾਂ ਦੀਆਂ ਬਾਕਮਾਲ ਰਚਨਾਵਾਂ ਸਾਨੂੰ ਪੁਰਾਤਨ ਸੱਭਿਆਚਾਰ ਨਾਲ ਵੀ ਜੋੜਦੀਆਂ ਹਨ । ਏਨਾਂ ਦੀਆਂ ਕਹਾਣੀਆਂ ਵਿਚ ਪਿੰਡਾਂ ਦੀਆਂ ਢਾਣੀਆਂ, ਖੂਹਾਂ, ਛੱਪੜਾਂ , ਖੇਤਾਂ , ਖੇਡਾਂ ਤੇ ਰਿਸ਼ਤਿਆ ਦੀ ਗੱਲ ਅਕਸਰ ਬੜੇ ਅਦਬ ਸਤਿਕਾਰ ਹੁੰਦੀ ਹੈ। ਵਿਰਕ ਸਾਹਿਬ ਜੀ ਪਿੰਡ ਨਾਲ ਜੁੜੇ ਓਹ ਨੌਜਵਾਨ ਹਨ ਜੋ ਸਹਿਰ ਵਿੱਚ ਰਹਿਣ ਦੇ ਬਾਵਜੂਦ ਵੀ ਆਪਣੇ ਪਿੰਡ ਨਾਲ ਤੇ ਮਿੱਟੀ ਅਥਾਹ ਪਿਆਰ ਮੁਹੱਬਤ ਦਿਲ ਵਿੱਚ ਰੱਖਦੇ ਹਨ । ਏਥੇ ਇਹ ਕਹਿਣਾ ਜਾਇਜ ਹੋਵੇ ਜੋ ਲੋਕ ਆਪਣੀ ਮਿੱਟੀ ਤੇ ਸੱਭਿਆਚਾਰਕ ਪਿਛੋਕੜ ਨੂੰ ਭੁੱਲ ਜਾਂਦੇ ਹਨ ਤੇ ਓਹ ਰੁਲ ਜਾਂਦੇ ਹਨ। ਅਜੋਕੀ ਪੀੜੀ ਨੂੰ ਇਹ ਸਭ ਕੁਝ ਵਿਰਕ ਸਾਹਿਬ ਜੀ ਆਪਣੀਆਂ ਵਿਲੱਖਣ ਅੰਦਾਜ 'ਚ ਪੇਸ਼ ਕੀਤੀਆ ਰਚਨਾਵਾਂ ਦੱਸਦੀਆਂ ਹਨ।
ਵਿਰਕ ਸਾਹਿਬ ਜੀ ਨਾਮਵਰ ਸਹਿਤਕ ਸੰਸਥਾਂ 'ਸ਼ਬਦ-ਸਾਂਝ' ਕੋਟਕਪੂਰਾ ਦੇ ਜਰਨਲ ਸਕੱਤਰ ਵਜੋ ਸਹਿਤਕ ਖੇਤਰ ਆਪਣੀ ਪੰਜਾਬੀ ਮਾਂ ਬੋਲੀ ਸੱਚਾ ਸਪੂਤ ਬਣ ਆਪਣਾ ਬਣਦਾ ਕੀਮਤੀ ਹਿੱਸਾ ਪਾ ਰਹੇ ਹਨ। ਪੇਸੇ ਵਜੋ ਪੰਜਾਬੀ ਅਧਿਆਪਕ ਵਜੋ ਫ਼ਰੀਦਕੋਟ ਦੇ 'ਬਾਬਾ ਫ਼ਰੀਦ ਸਕੂਲ' ਸੇਵਾ ਨਿਭਾਅ ਰਹੇ ਹਨ।
ਜੇਕਰ ਵਿਰਕ ਸਾਹਿਬ ਜੀ ਸਨਮਾਨਾਂ ਦੀ ਗੱਲ ਕਰੀਏ, ਪੰਜਾਬ ਤੇ ਹਰਿਆਣਾ ਦੀਆਂ ਬਹੁਤ ਸਾਰੀਆਂ ਸੰਸਥਾਵਾਂ ਵਿਸੇਸ ਤੌਰ ਤੇ ਸਨਮਾਨਿਤ ਕੀਤਾ ਜਾ ਚੁੱਕਾ ਹੈ। ਏਨਾਂ ਰੂਬਰੂ ਸੰਸਥਾਵਾਂ, ਦੂਰਦਰਸ਼ਨ ਜਲੰਧਰ ਵੱਲੋ ਅਨੇਕਾਂ ਵਾਰ ਕੀਤਾ ਗਿਆਂ ਅਤੇ ਸਮਾਜਿਕ ਖੇਤਰ ਵਿੱਚ ਮਾਨਵਤਾ ਦੀ ਭਲਾਈ ਲਈ, ਏਨਾਂ ਅਨੇਕਾਂ ਵਾਰ ਖੂਨਦਾਨ ਕਰ ਚੁੱਕੇ ਹਨ। ਸਹਿਤਕ ਖੇਤਰ ਦੇ ਨਾਲ ਨਾਲ ਸਮਾਜਿਕ ਸੰਸਥਾਵਾਂ ਸਬੰਧਤ ਹਨ । ਵਿਰਕ ਸਾਹਿਬ ਬਹੁਤ ਮਿਲਣਸਾਰ, ਮਿੱਠੇ ਸੁਭਾਅ ਰੱਖਣ ਵਾਲੇ ਸੰਘਰਸ਼ੀ ਤੇ ਮਿਹਨਤਕਸ਼ ਇਨਸਾਨ ਹਨ। ਮਨੁੱਖਤਾ ਦੀ ਭਲਾਈ ਦੇ ਕੰਮਾਂ ਨੂੰ ਪਹਿਲ ਦੇ ਆਧਾਰ ਤੇ ਦੇਖਦੇ ਹਨ। ਏਨਾਂ ਨੂੰ ਆਪਣੇ ਬੱਚਿਆਂ ਤੇ ਆਪਣੀ ਧਰਮ ਪਤਨੀ ਵੱਲੋ ਪੂਰਨ ਸਹਿਯੋਗ ਮਿਲਦਾ ਹੈ। ਵਿਰਕ ਸਾਹਿਬ ਜੀ ਅੱਜ ਨੌਜਵਾਨ ਪੀੜੀ ਲਈ ਚਾਨਣ ਮੁਨਾਰੇ ਹਨ।
ਜਨਮਦਿਨ ਮਨਾਉਣ ਲਈ ਚਰਚਿਤ ਲੋਕ ਗਾਇਕ ਇੰਦਰ ਮਾਨ ਤੋ ਇਲਾਵਾਂ ਉਘੇ ਚਿੱਤਰਕਾਰ ਤੇ ਗੀਤਕਾਰ ਪ੍ਰੀਤ ਭਗਵਾਨ ਪ੍ਰਧਾਨ ਸ਼ਬਦ-ਸਾਂਝ ਕੋਟਕਪੂਰਾ, ਲੋਕ ਗਾਇਕ ਰਾਣਾ ਰਣਜੀਤ , ਲੋਕ ਗਾਇਕ ਰਾਜ ਗਿੱਲ ਭਾਣਾ, ਗੀਤਕਾਰ ਭੱਟੀ ਚੈਨੇਵਾਲਾ, ਨਰੇਗਾ ਦੇ ਜ਼ਿਲਾ ਪ੍ਰਧਾਨ ਕਾਮਰੇਡ ਵੀਰ ਸਿੰਘ ਕੰਮੇਆਣਾ, ਕਲਮਾਂ ਦੇ ਰੰਗ ਦੇ ਪ੍ਰਧਾਨ ਸ਼ਿਵਨਾਥ ਦਰਦੀ, ਚੇਅਰਮੈਨ ਕਲਮਾਂ ਦੇ ਰੰਗ ਪ੍ਰੋ ਬੀਰ ਇੰਦਰ ਸਰਾਂ, ਮੀਡੀਆ ਇੰਚਾਰਜ ਅਸੀਸ ਕੁਮਾਰ, ਜਸਨ ਫਨਕਾਰ ਆਦਿ ਹਾਜ਼ਰ ਹੋਏ।
ਪ੍ਰਮਾਤਮਾ ਏਨਾ ਦੇ ਸੁਪਨੇ ਸਾਕਾਰ ਕਰਨ, ਵਾਹਿਗੁਰੂ ਏਨਾਂ ਦੀ ਮੰਜ਼ਿਲ ਦਾ ਰਾਹ ਸੁਖਾਲਾ ਕਰੇ । ਮੈ ਏਨਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕਰਦਾ ਹਾਂ। ਦੁਆਵਾਂ ਆਮੀਨ

## ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਕੈਲੀਫ਼ੋਰਨੀਆ ਦੀ ਸਿਲਵਰ ਜੁਬਲੀ ਕਾਨਫ਼ਰੰਸ ਨੇ ਅਮਰੀਕਾ ਵਿੱਚ ਨਵਾਂ ਇਤਿਹਾਸ ਸਿਰਜਿਆ

### ਪੰਜਾਬੀ ਭਾਸ਼ਾ, ਕਹਾਣੀ, ਕਵਿਤਾ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਬਾਰੇ ਹੋਈ ਗੰਭੀਰ ਵਿਚਾਰ ਚਰਚਾ

### ਸੰਗੀਤ ਮਹਿਫ਼ਲ ਅਤੇ ਸੁਰਿੰਦਰ ਧਨੋਆ ਦੇ ਨਾਟਕ 'ਜ਼ਫ਼ਰਨਾਮਾ' ਦੀ ਪੇਸ਼ਕਾਰੀ ਬੇਹੱਦ ਪ੍ਰਭਾਵਸ਼ਾਲੀ ਰਹੀ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ




ਹੇਵਰਡ, 14 ਅਕਤੂਬਰ : ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਕੈਲੀਫ਼ੋਰਨੀਆ ਵੱਲੋਂ ਆਪਣੀ 25ਵੀਂ ਵਰ੍ਹੇਗੰਢ ਉੱਤੇ ਤਿੰਨ ਰੋਜ਼ਾ ਪੰਜਾਬੀ ਸਾਹਿਤਕ ਕਾਨਫ਼ਰੰਸ ਸੈਫ਼ਾਇਰ ਬੈਂਕੁਇੱਟ ਹਾਲ ਹੇਵਰਡ (ਕੈਲੀਫ਼ੋਰਨੀਆ) ਵਿਖੇ ਕਰਵਾਈ ਗਈ। ਅਮਰੀਕਾ ਵਿੱਚ ਇਹ ਪਹਿਲੀ ਪੰਜਾਬੀ ਸਾਹਿਤਕ ਕਾਨਫ਼ਰੰਸ ਸੀ ਜੋ ਤਿੰਨ ਦਿਨ ਚੱਲੀ ਅਤੇ ਇਸ ਵਿੱਚ ਵਿਦਵਾਨਾਂ ਅਤੇ ਸਾਹਿਤਕਾਰਾਂ ਨੇ ਲਗਾਤਾਰ ਤਿੰਨ ਦਿਨ ਪੰਜਾਬੀ ਸਾਹਿਤ ਅਤੇ ਪੰਜਾਬੀ ਮਾਂ ਬੋਲੀ ਦੇ ਵੱਖ ਵੱਖ ਪਹਿਲੂਆਂ ਉੱਪਰ ਗੰਭੀਰ ਚਿੰਤਨ ਕੀਤਾ ਗਿਆ। ਇਹ ਵੀ ਇਸ ਕਾਨਫ਼ਰੰਸ ਦੀ ਸਾਰਥਿਕਤਾ ਰਹੀ ਕਿ ਇਸ ਨੇ ਵਿਸ਼ਵ ਪੰਜਾਬੀ ਕਾਨਫ਼ਰੰਸਾਂ ਬਾਰੇ ਪੰਜਾਬ ਦੇ ਲੇਖਕਾਂ, ਵਿਦਵਾਨਾਂ ਵਿੱਚ ਪਾਏ ਜਾਂਦੇ ਉਨ੍ਹਾਂ ਸਾਰੇ ਭਰਮਾਂ, ਮਾਪਦੰਡਾਂ ਨੂੰ ਮਾਤ ਦੇ ਦਿੱਤੀ ਕਿ 'ਵਿਦੇਸ਼ਾਂ ਵਿਚ ਹੁੰਦੀਆਂ ਵਿਸ਼ਵ ਪੰਜਾਬੀ ਕਾਨਫ਼ਰੰਸਾਂ ਵਿਚ ਕੋਈ ਗੰਭੀਰ ਸਾਹਿਤਕ ਗੱਲ ਨਹੀਂ ਹੁੰਦੀ'।

ਕਾਨਫ਼ਰੰਸ ਵਿਚ ਪੰਜਾਬ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਡਾ. ਮਨਜਿੰਦਰ ਸਿੰਘ ਦਾ ਕਹਿਣਾ ਸੀ ਕਿ ਇਸ ਕਾਨਫ਼ਰੰਸ ਨੇ ਉਨ੍ਹਾਂ ਦੇ ਮਨ ਵਿਚ ਵਿਦੇਸ਼ਾਂ ਵਿਚ ਹੁੰਦੀਆਂ ਸਾਹਿਤਕ ਕਾਨਫ਼ਰੰਸਾਂ ਬਾਰੇ ਬਣੇ ਖ਼ਿਆਲ ਨੂੰ ਗ਼ਲਤ ਸਾਬਿਤ ਕਰ ਦਿੱਤਾ ਹੈ। ਕਾਨਫ਼ਰੰਸ ਵਿਚ ਵੱਖ ਵੱਖ ਸਾਹਿਤਕ ਵਿਸ਼ਿਆਂ ਉੱਪਰ ਵਿਦਵਾਨਾਂ ਨੇ ਬਹੁਤ ਹੀ ਗੰਭੀਰ ਵਿਚਾਰ ਚਰਚਾ ਕੀਤੀ ਅਤੇ ਲੇਖਕਾਂ, ਪਾਠਕਾਂ ਅਤੇ ਸਰੋਤਿਆਂ ਨੇ ਵੀ ਸਮੁੱਚੀ ਕਾਨਫ਼ਰੰਸ ਦੀ ਗੰਭੀਰਤਾ ਨੂੰ ਕਾਇਮ ਰੱਖਿਆ। ਡਾ. ਬਲਦੇਵ ਧਾਲੀਵਾਲ, ਡਾ. ਗੁਰਪਾਲ ਸਿੰਘ ਸੰਧੂ ਅਤੇ ਡਾ. ਜਸਵਿੰਦਰ ਨੇ ਵੀ ਅਜਿਹਾ ਇਜ਼ਹਾਰ ਕਰਦਿਆਂ ਕਿਹਾ ਕਿ ਅਜਿਹੀਆਂ ਸਾਹਿਤਕ ਕਾਨਫ਼ਰੰਸਾਂ ਪੰਜਾਬ ਵਿਚ ਵੀ ਬਹੁਤ ਘੱਟ ਦੇਖਣ ਨੂੰ ਮਿਲਦੀਆਂ ਹਨ। ਕਾਨਫ਼ਰੰਸ ਦੀ ਸ਼ੁਰੂਆਤ ਪੰਜਾਬੀ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾ) ਕੈਲੀਫ਼ੋਰਨੀਆ ਦੇ ਰੂਹੇ-ਰਵਾਂ ਅਤੇ ਨਾਮਵਰ ਸ਼ਾਇਰ ਕੁਲਵਿੰਦਰ ਦੇ ਮੋਹ ਭਰੇ ਸ਼ਬਦਾਂ ਨਾਲ ਹੋਈ। ਕੁਲਵਿੰਦਰ ਨੇ ਅਕਾਦਮੀ ਦੀ ਸਥਾਪਨਾ, ਸਰਗਰਮੀਆਂ ਅਤੇ ਪੰਜਾਬੀ ਭਾਸ਼ਾ ਤੇ ਸਾਹਿਤ ਲਈ ਕੀਤੇ ਜਾ ਰਹੇ ਕਾਰਜਾਂ ਬਾਰੇ ਸੰਖੇਪ ਵਿੱਚ ਜਾਣਕਾਰੀ ਦਿੱਤੀ। ਉਨ੍ਹਾਂ ਅਕਾਦਮੀ ਦੇ ਮੁੱਢਲੇ ਮੈਂਬਰ ਮਰਹੂਮ ਗੁਰੂਮੇਲ ਸਿੱਧੂ ਨੂੰ ਯਾਦ ਕੀਤਾ ਅਤੇ ਸੁਖਵਿੰਦਰ ਕੰਬੋਜ ਤੇ ਸੁਰਿੰਦਰ ਸੀਰਤ ਦੀ ਯੋਗਦਾਨ ਦੀ ਪ੍ਰਸ਼ੰਸਾ ਕੀਤੀ। ਕੁਲਵਿੰਦਰ ਨੇ ਕਿਹਾ ਕਿ "ਭਾਸ਼ਾ ਸਿਰਫ ਸ਼ਬਦਾਂ ਦਾ ਸਮੂਹ ਹੀ ਨਹੀਂ ਹੁੰਦੀ, ਇਹ ਸਾਡੀ ਪਹਿਚਾਣ ਹੈ, ਸਾਡਾ ਵਿਰਸਾ ਹੈ, ਸਾਡੀ ਰੂਹ ਦੀ ਖ਼ੁਰਾਕ ਹੈ। ਇਸ ਤੋਂ ਬਿਨਾਂ ਅਸੀਂ ਜੀ ਨਹੀਂ ਸਕਦੇ। ਸਾਡੀ ਕੋਸ਼ਿਸ਼ ਹੈ ਕਿ ਪੰਜਾਬੀ ਭਾਸ਼ਾ ਅਤੇ ਸਾਹਿਤ ਦਾ ਇਹ ਸੰਸਾਰ ਹਮੇਸ਼ਾ ਜਿਉਂਦਾ ਰਹੇ, ਅੱਗੇ ਵੱਧਦਾ ਰਹੇ"। ਵਿਪਸਾ ਦੇ ਪ੍ਰਬੰਧਕਾਂ ਨੂੰ ਸਿਲਵਰ ਜੁਬਲੀ ਸਮਾਗਮ ਦੀ ਮੁਬਾਰਕਬਾਦ ਦਿੰਦਿਆਂ ਇਸ ਸੰਸਥਾ ਦੇ ਮੁੱਖ ਸਹਿਯੋਗੀ ਅਤੇ ਉੱਘੇ ਬਿਜ਼ਨਸਮੈਨ ਜਸਬੀਰ ਗਿੱਲ, ਨਾਵਲਕਾਰ ਡਾ. ਗੁਰਪ੍ਰੀਤ ਧੁੱਗਾ ਅਤੇ ਪੰਕਜ ਆਂਸਲ ਨੇ ਅਕਾਦਮੀ ਵੱਲੋਂ ਪੰਜਾਬੀ ਸਾਹਿਤ ਅਤੇ ਪੰਜਾਬੀ ਭਾਸ਼ਾ ਲਈ ਕੀਤੇ ਜਾ ਰਹੇ ਕਾਰਜਾਂ ਅਤੇ ਸਰਗਰਮੀਆਂ ਦੀ ਸ਼ਲਾਘਾ ਕੀਤੀ।

ਪਹਿਲੇ ਦਿਨ ਹੋਈ ਸੰਗੀਤਮਈ ਦਿਲਕਸ਼ ਸ਼ਾਮ ਵਿਚ ਗ਼ਜ਼ਲ ਗਾਇਕ ਸੁਖਦੇਵ ਸਾਹਿਬ, ਪਰਮਿੰਦਰ ਗੁਰੀ ਅਤੇ ਗਾਇਕਾ ਟੀਨਾ ਮਾਨ ਨੇ ਡਾ. ਸੁਰਜੀਤ ਪਾਤਰ, ਸ਼ਿਵ ਕੁਮਾਰ ਬਟਾਲਵੀ, ਜਸਵਿੰਦਰ, ਕੁਲਵਿੰਦਰ, ਰਾਜਵੰਤ ਰਾਜ, ਪ੍ਰੀਤ ਮਨਪ੍ਰੀਤ ਅਤੇ ਹੋਰ ਪੰਜਾਬੀ ਸ਼ਾਇਰਾਂ ਦੇ ਕਲਾਮ ਨੂੰ ਆਪਣੇ ਸੁਰੀਲੇ ਸੁਰਾਂ ਦੀ ਛੋਹ ਨਾਲ ਬਹੁਤ ਖ਼ੂਬਸੂਰਤ ਸੰਗੀਤਕ ਮਾਹੌਲ ਸਿਰਜਿਆ। ਸੰਗੀਤਕ ਸ਼ਾਮ ਦਾ ਸੰਚਾਲਨ ਕਰ ਰਹੀ ਸਟੇਜ ਦੀ ਮਲਿਕਾ ਆਸ਼ਾ ਸ਼ਰਮਾ ਵੱਲੋਂ ਖ਼ੂਬਸੂਰਤ ਅੰਦਾਜ਼ ਵਿਚ ਪੇਸ਼ ਕੀਤੇ ਸ਼ਿਅਰਾਂ ਨੇ ਇਸ ਮਹਿਫ਼ਲ ਨੂੰ ਹੋਰ ਵੀ ਦਿਲਕਸ਼ ਬਣਾ ਦਿੱਤਾ। ਵਿਪਸਾ ਵਲੋਂ 25ਵੀਂ ਵਰ੍ਹੇਗੰਢ ਮੌਕੇ ਵਿਪਸਾ ਬਾਰੇ ਤਿਆਰ ਕੀਤੀ ਡਾਕੂਮੈਂਟਰੀ ਵੀ ਵਿਖਾਈ ਗਈ।

ਕਾਨਫ਼ਰੰਸ ਦੇ ਦੂਜੇ ਦਿਨ ਡਿਜ਼ੀਟਲ ਦੁਨੀਆਂ ਦੇ ਮਾਹਿਰ ਨੌਜਵਾਨ ਸ਼ਾਇਰ ਚਰਨਜੀਤ ਗਿੱਲ ਨੇ ਪੰਜਾਬੀ ਫੌਂਟਸ, ਪੰਜਾਬੀ ਸ਼ਬਦਾਵਲੀ ਅਤੇ ਡਿਜ਼ੀਟਲ ਪੰਜਾਬੀ ਡਿਕਸ਼ਨਰੀ ਬਾਰੇ ਬਹੁਤ ਹੀ ਖੋਜ ਭਰਪੂਰ ਜਾਣਕਾਰੀ ਪ੍ਰਦਰਸ਼ਿਤ ਕੀਤੀ। ਉਹ ਪੰਜਾਬੀ ਦੇ 7 ਪ੍ਰਵਾਣਿਤ ਸ਼ਬਦ ਕੋਸ਼ ਏਆਈ ਨੂੰ ਸਿੱਖਣ ਲਈ ਦੇ ਰਿਹਾ ਤਾਂ ਜੋ ਪੰਜਾਬੀ ਸ਼ਬਦਾਂ ਦੇ ਸਹੀ ਸ਼ਬਦ-ਜੋੜ, ਅਰਥ ਅਤੇ ਵਰਤੋਂ ਦੇ ਸੰਦਰਭ ਏਆਈ ਕੋਲ ਹੋਣ।

ਡਾ. ਰਾਜੇਸ਼ ਸ਼ਰਮਾ ਨੇ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਦੇ ਪੰਜਾਬੀ ਸਾਹਿਤ ਉੱਪਰ ਪੈ ਰਹੇ ਅਤੇ ਪੈਣ ਵਾਲੇ ਪ੍ਰਭਾਵ ਬਾਰੇ ਵਿਸਥਾਰ ਵਿਚ ਬਹੁਤ ਹੀ ਪ੍ਰਭਾਵਸ਼ਾਲੀ ਤਰੀਕੇ ਨਾਲ ਸਾਰੇ ਪਹਿਲੂਆਂ ਨੂੰ ਉਜਾਗਰ ਕੀਤਾ। ਉਨ੍ਹਾਂ ਕਿਹਾ ਕਿ ਜੇ ਕਿਸੇ ਨੂੰ ਏਆਈ ਪ੍ਰਭਾਵਿਤ ਕਰਦੀ ਹੈ ਅਤੇ ਲੱਗਦਾ ਹੈ ਕਿ ਇਹ ਤੁਹਾਡੇ ਤੋਂ ਵਧੀਆ ਲਿਖ ਸਕਦੀ ਹੈ ਤਾਂ ਇਸ ਦਾ ਮਤਲਬ ਹੈ ਕਿ ਤੁਸੀਂ ਕੁਝ ਪੜ੍ਹਿਆ ਜਾਂ ਲਿਖਿਆ ਨਹੀਂ ਅਤੇ ਤੁਹਾਨੂੰ ਲਿਖਣਾ ਛੱਡ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਸਲ ਵਿਚ ਏਆਈ ਵਿਦਿਆਰਥੀਆਂ, ਲੇਖਕਾਂ, ਆਲੋਚਕਾਂ ਲਈ ਇੱਕ ਮੀਲ ਪੱਥਰ ਹੈ ਅਤੇ ਅਸੀਂ ਇਸ ਮੀਲ ਪੱਥਰ ਤੋਂ ਅੱਗੇ ਆਪਣਾ ਕੰਮ ਸ਼ੁਰੂ ਕਰਨਾ ਹੈ। ਉਨ੍ਹਾਂ ਕਿਹਾ ਕਿ ਜਿਹੜੇ ਲੋਕ ਇਸ ਦੀ ਪੂਜਾ ਕਰਦੇ ਫਿਰਦੇ ਹਨ ਉਹਨਾਂ ਤੋਂ ਪੰਜਾਬ ਦੀ ਰਹਿਨੁਮਾਈ ਦੀ ਕੀ ਉਮੀਦ ਕੀਤੀ ਜਾ ਸਕਦੀ ਹੈ। ਰਾਜਵੰਤ ਰਾਜ ਨੇ ਕਿਹਾ ਕਿ ਏਆਈ ਅਜੇ ਬੱਚਾ ਹੈ ਅਤੇ ਇਸ ਦੇ ਭਵਿੱਖ ਬਾਰੇ ਅਜੇ ਕੁਝ ਨਹੀਂ ਕਿਹਾ ਜਾ ਸਕਦਾ। ਪਰ ਇੰਟਰਨੈੱਟ ਦੇ ਖੇਤਰ ਵਿਚ ਇਹ ਬਹੁਤ ਵੱਡੀ ਤਬਦੀਲੀ ਹੈ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਮਨੁੱਖ ਇਸ ਨੂੰ ਚੰਗੇ ਕਾਰਜ ਲਈ ਵਰਤੇਗਾ, ਮਾੜੇ ਲਈ ਨਹੀਂ। ਡਾ. ਮਨਜਿੰਦਰ ਸਿੰਘ ਨੇ ਕਿਹਾ ਕਿ ਏਆਈ ਵੀ ਬਾਕੀ ਨਵੀਆਂ ਤਕਨੀਕਾਂ ਵਾਂਗ ਜ਼ਿੰਦਗੀ ਨੂੰ ਸੁਖਾਲਾ ਕਰੇਗੀ ਪਰ ਮਨੁੱਖੀ ਕਪਲਨਾ ਅਤੇ ਕ੍ਰੀਏਟਿਵਿਟੀ ਦਾ ਬਦਲ ਨਹੀਂ ਬਣ ਸਕੇਗੀ, ਸੋ ਸਾਨੂੰ ਇਸ ਤੋਂ ਡਰਨਾ ਨਹੀਂ ਚਾਹੀਦਾ।

ਕਾਨਫ਼ਰੰਸ ਦੇ ਤੀਜੇ ਦਿਨ ਡਾ. ਮਨਜਿੰਦਰ ਸਿੰਘ ਨੇ ਅਮਰੀਕਾ ਵਿਚ ਲਿਖੀ ਜਾ ਰਹੀ ਪੰਜਾਬੀ ਕਵਿਤਾ ਬਾਰੇ ਪਰਚਾ ਪੜ੍ਹਿਆ। ਉਨ੍ਹਾਂ ਕਿਹਾ ਕਿ ਅਮਰੀਕੀ ਪੰਜਾਬੀ ਕਵਿਤਾ ਨੇ ਵਿਦਵਾਨਾਂ ਦੇ ਪੁਰਾਣੇ ਮਾਪਦੰਡਾਂ ਨੂੰ ਤੋੜਿਆ ਹੈ। ਇਸ ਕਵਿਤਾ ਨੂੰ ਹੁਣ ਮੁੱਖ ਧਾਰਾ ਦੀ ਕਵਿਤਾ ਮੰਨ ਕੇ ਮੁਲਾਂਕਣ ਕਰਨ ਦੀ ਲੋੜ ਹੈ। ਇਹ ਕਵਿਤਾ ਮਨੁੱਖ ਨੂੰ ਸਵੈ-ਮੁਲਾਂਕਣ ਲਈ ਪ੍ਰੇਰਦੀ ਹੈ, ਮਾਨਵਤਾ ਦੀ ਗੱਲ ਕਰਦੀ ਹੈ ਅਤੇ ਬਹੁਪੱਖੀ ਧਰਾਤਲਾਂ ਨੂੰ ਪਛਾਣਦੀ ਹੈ। ਇਹ ਪ੍ਰਸਥਿਤੀਆਂ ਦਾ ਰੁਦਨ ਨਹੀਂ ਕਰਦੀ, ਸੰਘਰਸ਼ ਦਾ ਰਾਹ ਚੁਣਦੀ ਹੈ। ਡਾ. ਗੁਰਪਾਲ ਸਿੰਘ ਸੰਧੂ ਨੇ ਕਿਹਾ ਕਿ ਅਮਰੀਕਾ ਵਿਚ ਗ਼ਜ਼ਲ ਵਧੀਆ ਲਿਖੀ ਜਾ ਰਹੀ ਹੈ। ਸਮੁੱਚੀ ਅਮਰੀਕੀ ਪੰਜਾਬੀ ਕਵਿਤਾ ਸੱਚ ਤੱਕ ਪਹੁੰਚਦੀ ਹੈ। ਸ਼ਾਇਰ ਜਸਵਿੰਦਰ ਨੇ ਕਿਹਾ ਕਿ ਗ਼ਜ਼ਲ ਮੁੱਖ ਵਿਧਾ ਬਣੀ ਹੋਈ ਹੈ ਅਤੇ ਅਮਰੀਕਾ ਦੇ ਸ਼ਾਇਰਾਂ ਦੇ ਸ਼ਿਅਰ ਅਕਸਰ ਲੋਕ ਕੋਟ ਕਰਦੇ ਹਨ। ਡਾ. ਜਸਵਿੰਦਰ ਨੇ ਕਿਹਾ ਕਿ ਵਰਤਮਾਨ ਪੰਜਾਬੀ ਕਵਿਤਾ ਨੇ ਵਿਕਸਤ ਪੂੰਜੀਵਾਦ ਅਤੇ ਰਾਜਨੀਤੀ ਦੀਆਂ ਅੰਦਰਲੀਆਂ ਰੌਆਂ ਨੂੰ ਪਛਾਣਿਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬੀ ਗ਼ਜ਼ਲ ਨੇ ਕਵਿਤਾ ਨੂੰ ਬਚਾਇਆ ਹੈ।

ਅਮਰੀਕਾ ਵਿਚ ਰਚੀ ਜਾ ਰਹੀ ਪੰਜਾਬੀ ਕਹਾਣੀ ਵਾਲੇ ਸੈਸ਼ਨ ਦੀ ਪ੍ਰਧਾਨਗੀ ਨਾਮਵਰ ਕਹਾਣੀਕਾਰ ਡਾ. ਵਰਿਆਮ ਸੰਧੂ ਨੇ ਕੀਤੀ। ਡਾ. ਬਲਦੇਵ ਧਾਲੀਵਾਲ ਨੇ ਆਪਣੇ ਪਰਚੇ ਵਿਚ ਕਿਹਾ ਕਿ ਅਮਰੀਕੀ ਪੰਜਾਬੀ ਕਹਾਣੀ ਦੀ ਉਮਰ ਅੱਧੀ ਕੁ ਸਦੀ ਹੈ। 9/11 ਦੀ ਘਟਨਾ ਨੇ ਇਸ ਨੂੰ ਚਿੰਤਨ ਦੇ ਰਾਹ ਪਾਇਆ ਹੈ। ਇਸ ਵਿਚ ਨਾਬਰੀ ਅਤੇ ਪ੍ਰਤੀਰੋਧ ਦੀ ਸੁਰ ਹੈ। ਉਨ੍ਹਾਂ ਕਿਹਾ ਕਿ ਅਮਰੀਕੀ ਪੰਜਾਬੀ ਕਹਾਣੀ ਬੰਦੇ ਦੇ ਨਾਲ਼ ਨਾਲ਼ ਚਲਦੀ ਹੈ ਪਰ ਕਲਾ ਪੱਖੋਂ ਅਜੇ ਕਈ ਊਣਤਾਈਆਂ ਹਨ। ਇਸ ਮੌਕੇ ਉਨ੍ਹਾਂ 22 ਲੇਖਕਾਂ ਦੀਆਂ ਕਹਾਣੀਆਂ ਦਾ ਵੀ ਸੰਖੇਪ ਮੁਲਾਂਕਣ ਕੀਤਾ।

ਲੇਖਕ, ਪਾਠਕ ਅਤੇ ਪ੍ਰਕਾਸ਼ਕ ਵਿਸ਼ੇ 'ਤੇ ਵੀ ਮਹੱਤਵਪੂਰਨ ਵਿਚਾਰ ਚਰਚਾ ਹੋਈ ਜਿਸ ਵਿਚ ਡਾ. ਰਾਜੇਸ਼ ਸ਼ਰਮਾ, ਸਤੀਸ਼ ਗੁਲਾਟੀ, ਦਲਜੀਤ ਸਰਾਂ, ਡਾ. ਗੁਰਪ੍ਰੀਤ ਧੁੱਗਾ ਅਤੇ ਸੋਨੀਆ ਮਨਜਿੰਦਰ ਨੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਵਿਚ ਮੁੱਖ ਤੌਰ 'ਤੇ ਪੰਜਾਬੀ ਪੁਸਤਕਾਂ ਦੇ ਪ੍ਰਕਾਸ਼ਨ ਵਿਚ ਸੰਪਾਦਨ ਦੀ ਅਣਹੋਂਦ ਦਾ ਮਸਲਾ ਉੱਭਰ ਕੇ ਸਾਹਮਣੇ ਆਇਆ ਜਿਸ ਕਾਰਨ ਬਹੁਤ ਸਾਰੀਆਂ ਗ਼ੈਰ-ਮਿਆਰੀ ਪੁਸਤਕਾਂ ਛਪ ਰਹੀਆਂ ਹਨ। ਅਜਿਹੀਆਂ ਪੁਸਤਕਾਂ ਪੰਜਾਬੀ ਪਾਠਕਾਂ ਨੂੰ ਵੀ ਨਿਰਾਸ਼ ਕਰਦੀਆਂ ਹਨ ਅਤੇ ਪਾਠਕਾਂ ਦੀ ਸਾਹਿਤ ਪ੍ਰਤੀ ਦਿਲਚਸਪੀ ਘਟਾਉਣ ਦਾ ਕਾਰਨ ਵੀ ਬਣਦੀਆਂ ਹਨ।

ਕਾਨਫ਼ਰੰਸ ਦੌਰਾਨ ਦੋ ਦਿਨ ਵਿਸ਼ਾਲ ਕਵੀ ਦਰਬਾਰ ਵੀ ਹੋਇਆ ਜਿਸ ਵਿਚ ਦਰਸ਼ਨ ਬੁੱਟਰ, ਜਸਵਿੰਦਰ, ਕੁਲਵਿੰਦਰ, ਤਾਹਿਰਾ ਸਰਾ, ਜਗਜੀਤ ਨੌਸ਼ਹਿਰਵੀ, ਸੁਰਿੰਦਰ ਸੀਰਤ, ਸੁਖਵਿੰਦਰ ਕੰਬੋਜ, ਰਾਜਵੰਤ ਰਾਜ, ਦਵਿੰਦਰ ਗੌਤਮ, ਪ੍ਰੀਤ ਮਨਪ੍ਰੀਤ, ਸਤੀਸ਼ ਗੁਲਾਟੀ, ਸੁਰਜੀਤ ਸਖੀ, ਹਰਪ੍ਰੀਤ ਕੌਰ ਧੂਤ, ਨੀਲਮ ਲਾਜ ਸੈਣੀ, ਹਰਜਿੰਦਰ ਕੰਗ, ਸੰਤੋਖ ਮਿਨਹਾਸ, ਹਰਦਮ ਮਾਨ, ਜਸਬੀਰ ਗਿੱਲ, ਚਰਨਜੀਤ ਗਿੱਲ, ਦਿਲ ਨਿੱਝਰ,ਡਾ. ਅੰਬਰੀਸ਼, ਡਾ. ਮਨਜੀਤ ਕੌਰ, ਲਖਵਿੰਦਰ ਕੌਰ ਲੱਕੀ, ਨਛੱਤਰ ਭੋਗਲ ਭਾਖੜੀਆਣਾ, ਡਾ. ਬਿਕਰਮ ਸੋਹੀ, ਜਸਵੰਤ ਸ਼ਾਦ, ਦਲਵੀਰ ਕੌਰ ਯੂ.ਕੇ. ਡਾ. ਸੁਖਪਾਲ ਸੰਘੇੜਾ, ਪਿਆਰਾ ਸਿੰਘ ਕੁੱਦੋਵਾਲ, ਕੁਲਵਿੰਦਰ ਖਹਿਰਾ, ਬੀਬੀ ਸੁਰਜੀਤ ਕੌਰ ਸੈਕਰਾਮੈਂਟੋ, ਭੁਪਿੰਦਰ ਦੂਲੇ, ਲਖਵਿੰਦਰ ਗਿੱਲ, ਰਾਕਿੰਦ ਕੌਰ, ਰਾਜਵੰਤ ਕੌਰ ਸੰਧੂ, ਗੁਰਦੇਵ ਚੌਹਾਨ, ਗੁਲਸ਼ਨ ਦਿਆਲ, ਅਰਤਿੰਦਰ ਸੰਧੂ, ਅੰਜੂ ਮੀਰਾ, ਮੁਕੇਸ਼ ਕੁਮਾਰ, ਗੁਰੁਤੇਜ ਪਾਰਸਾ, ਡਾ. ਕੁਲਜੀਤ ਜੰਜੂਆ, ਬਲਬੀਰ ਸਿੰਘ ਐਮ.ਏ., ਅਮਰਜੀਤ ਜੌਹਲ, ਹਰਕੰਵਲਜੀਤ ਸਾਹਿਲ, ਕਾਕਾ ਕਲੇਰ, ਡਾ. ਇੰਦਰਪਾਲ ਕੌਰ, ਹਰਜੀਤ ਹਮਸਫ਼ਰ, ਕੁਲਵੰਤ ਸੇਖੋਂ, ਸੁੱਖੀ ਧਾਲੀਵਾਲ, ਅਮਰਜੀਤ ਕੌਰ ਪੰਨੂ, ਐਸ਼ ਕੁਮ ਐਸ਼, ਗਗਨਦੀਪ ਮਾਹਲ ਅਤੇ ਹੋਰ ਸਥਾਨਕ ਕਵੀਆਂ ਨੇ ਆਪਣਾ ਕਲਾਮ ਪੇਸ਼ ਕੀਤਾ।

ਕਾਨਫ਼ਰੰਸ ਦੌਰਾਨ ਪੰਜਾਬ ਲੋਕ ਰੰਗਮੰਚ ਵੱਲੋਂ ਸੁਰਿੰਦਰ ਸਿੰਘ ਧਨੋਆ ਦਾ ਲਿਖਿਆ ਨਾਟਕ 'ਜ਼ਫ਼ਰਨਾਮਾ – ਕਲਮ ਦੀ ਤਲਵਾਰ ਉੱਪਰ ਜਿੱਤ' ਖੇਡਿਆ ਗਿਆ। ਇਸ ਨਾਟਕ ਦੀ ਪੇਸ਼ਕਾਰੀ ਬਹੁਤ ਹੀ ਪ੍ਰਭਾਵਸ਼ਾਲੀ ਰਹੀ। ਸਾਰੇ ਕਲਾਕਾਰਾਂ ਦੀ ਅਦਾਕਾਰੀ ਨੇ ਦਰਸ਼ਕਾਂ ਦੇ ਮਨਾਂ ਨੂੰ ਬੇਹੱਦ ਟੁੰਬਿਆ। ਜੰਮੂ ਯੂਨੀਵਰਸਿਟੀ ਤੋਂ ਡਾ ਬਲਜੀਤ ਕੌਰ ਨੇ ਇਸ ਨਾਟਕ ਬਾਰੇ ਆਪਣੇ ਬਹੁਮੁੱਲੇ ਵਿਚਾਰ ਰੱਖੇ ਅਤੇ ਭਾਰਤ ਵਿੱਚ ਇਸ ਨਾਟਕ ਦੀਆਂ 15 ਤੋਂ ਵੱਧ ਹੋਈਆਂ ਪੇਸ਼ਕਾਰੀਆਂ ਬਾਰੇ ਦਸਿਆ। ਡਾ. ਵਰਿਆਮ ਸਿੰਘ ਸੰਧੂ ਨੇ ਕਿਹਾ ਕਿ ਅਜਿਹਾ ਇਤਿਹਾਸਕ ਨਾਟਕ ਏਨੀਂ ਕਲਾ ਕੌਸ਼ਲਤਾ ਨਾਲ ਕਰਨਾ ਬਹੁਤ ਵੱਡੀ ਗੱਲ ਹੈ ਅਤੇ ਸੁਰਿੰਦਰ ਧਨੋਆ ਇਸ ਕਠਨ ਕਾਰਜ ਵਿੱਚ ਸਫਲ ਹੋਏ ਹਨ। ਕੁਲਵਿੰਦਰ ਅਤੇ ਸੁਰਿੰਦਰ ਸੀਰਤ ਵੱਲੋਂ ਸੰਪਾਦਿਤ ਕੀਤੀ ਪੁਸਤਕ 'ਅਮਰੀਕੀ ਪੰਜਾਬੀ ਕਹਾਣੀ', ਹਰਪ੍ਰੀਤ ਕੌਰ ਧੂਤ ਦਾ ਕਹਾਣੀ ਸੰਗ੍ਰਹਿ 'ਖ਼ਤਰਾ ਤਾਂ ਹੈ' ਅਤੇ ਐਸ਼ ਕੁਮ ਐਸ਼ ਤੇ ਬਲਿਹਾਰ ਦੀਆਂ ਪੁਸਤਕਾਂ ਅਤੇ ਸੋਨੀਆ ਮਨਜਿੰਦਰ ਦੇ ਆਨ ਲਾਈਨ ਮੈਗਜ਼ੀਨ ਦਾ ਪੋਸਟਰ ਵੀ ਰਿਲੀਜ਼ ਕੀਤਾ ਗਿਆ।

ਕਾਨਫ਼ਰੰਸ ਦੇ ਵੱਖ ਵੱਖ ਸੈਸ਼ਨਾਂ ਦੀ ਪ੍ਰਧਾਨਗੀ ਡਾ. ਵਰਿਆਮ ਸੰਧੂ, ਡਾ. ਰਾਜੇਸ਼ ਸ਼ਰਮਾ, ਡਾ. ਮਨਜਿੰਦਰ ਸਿੰਘ, ਡਾ. ਗੁਰਪਾਲ ਸਿੰਘ ਸੰਧੂ, ਡਾ. ਜਸਵਿੰਦਰ, ਡਾ. ਬਲਦੇਵ ਧਾਲੀਵਾਲ, ਸ਼ਾਇਰ ਜਸਵਿੰਦਰ, ਦਰਸ਼ਨ ਬੁੱਟਰ, ਤਾਹਿਰਾ ਸਰਾ, ਗੁਰਪ੍ਰੀਤ ਧੁੱਗਾ, ਦਲਜੀਤ ਸਰਾਂ ਅਤੇ ਡਾ. ਧਨੰਵਤ ਕੌਰ ਅਤੇ ਡਾ. ਬਲਜੀਤ ਕੌਰ ਨੇ ਕੀਤੀ। ਪ੍ਰਬੰਧਕਾਂ ਵੱਲੋਂ ਅਕਾਦਮੀ ਨੂੰ ਸਪਾਂਸਰ ਕਰਨ ਵਾਲੀਆਂ ਸਖ਼ਸ਼ੀਅਤਾਂ ਸਰਵ ਸ੍ਰੀ ਜਸਬੀਰ ਗਿੱਲ, ਸੁਰਿੰਦਰ ਧਨੋਆ, ਪ੍ਰੋ. ਸੁਖਦੇਵ ਸਿੰਘ, ਬਲਵਿੰਦਰ (ਲਾਲੀ) ਧਨੋਆ, ਐਸ਼ ਕੁਮ ਐਸ਼, ਡਾ. ਗੁਰਪ੍ਰੀਤ ਧੁੱਗਾ, ਪੰਕਜ ਆਂਸਲ, ਡਾ. ਸਰਬਜੀਤ ਹੁੰਦਲ, ਬਲਜਿੰਦਰ ਸਵੈਚ, ਸੁਰਿੰਦਰਪਾਲ ਸਿੰਘ ਦਾ ਸਨਮਾਨ ਕੀਤਾ ਗਿਆ। ਅੰਤ ਵਿੱਚ ਅਕਾਦਮੀ ਦੇ ਪ੍ਰਧਾਨ ਕੁਲਵਿੰਦਰ ਨੇ ਕਾਨਫ਼ਰੰਸ ਨੂੰ ਸਫਲਤਾ ਤੀਕ ਪੁਚਾਉਣ ਲਈ ਆਪਣੀ ਸਮੁੱਚੀ ਕਾਰਜਸ਼ੀਲ ਟੀਮ ਅਤੇ ਹਾਜ਼ਰ ਵਿਦਵਾਨਾਂ ਮਹਿਮਾਨਾਂ, ਲੇਖਕਾਂ ਅਤੇ ਸਾਹਿਤ ਪ੍ਰੇਮੀਆਂ ਦਾ ਦਿਲੋਂ ਧੰਨਵਾਦ ਕਰਦਿਆਂ ਭਵਿੱਖ ਵਿੱਚ ਵੀ ਅਜਿਹੇ ਸਹਿਯੋਗ ਦੀ ਉਮੀਦ ਜ਼ਾਹਿਰ ਕੀਤੀ।

## "ਨਰੇਗਾ ਕਾਮਿਆਂ ਨੂੰ ਕੰਮ ਦਿਓ ਜਾਂ ਭੱਤਾ ਦਿਓ"- ਕਾਮਰੇਡ ਵੀਰ ਸਿੰਘ ਕੰਮੇਆਣ



ਫਰੀਦਕੋਟ 14 ਅਕਤੂਬਰ : "ਨਰੇਗਾ ਕਾਮਿਆਂ ਵੱਲੋਂ ਦਿੱਤੀਆਂ ਜਾਂਦੀਆਂ ਕੰਮ ਅਰਜ਼ੀਆਂ ਦੀ ਰਸੀਦ ਨਾ ਦੇਣਾ 'ਨਰੇਗਾ ਕਾਨੂੰਨ 2005' ਦੀ ਉਲੰਘਣਾ ਹੈ । ਜਿਸ ਨੂੰ ਸਹਿਣ ਨਹੀਂ ਕੀਤਾ ਜਾ ਸਕਦਾ। ਇਹ ਗੱਲ ਸਥਾਨਕ ਮਿਨੀ ਸਕੱਤਰੇਤ ਵਿਖੇ ਬਲਾਕ ਫ਼ਰੀਦਕੋਟ ਦੇ ਵਖ-ਵਖ ਪਿੰਡਾਂ ਤੋਂ ਆਏ ਨਰੇਗਾ ਕਾਮਿਆਂ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦੇ ਹੋਏ ਜੱਥੇਬੰਦੀ ਦੇ ਪ੍ਰਧਾਨ ਕਾਮਰੇਡ ਵੀਰ ਸਿੰਘ ਕੰਮੇਆਣਾ ਨੇ ਕਹੇ। ਉਨਾਂ ਕਿਹਾ ਕਿ ਜੇ ਮੰਗ ਅਨੁਸਾਰ ਕੰਮ ਨਹੀਂ ਦਿੱਤਾ ਗਿਆ ਤਾਂ ਹਰ ਕਾਮਾ ਬੇਰੁਜ਼ਗਾਰੀ ਭੱਤੇ ਦਾ ਹੱਕਦਾਰ ਹੈ ਜਿਸ ਲਈ ਕਾਮੇ ਵੱਲੋਂ ਭਰ ਕੇ ਦਿੱਤੇ ਫਾਰਮ ਦੀ ਰਸੀਦ ਵੀ ਉਸ ਨੂੰ ਦੇਣੀ ਬਣਦੀ ਹੈ। ਸੀਪੀਆਈ ਦੇ ਜਿਲਾ ਸਕੱਤਰ ਅਸ਼ੋਕ ਕੌਸ਼ਲ ਨੇ ਕਿਹਾ ਕਿ ਕਿੰਨੇ ਅਫਸੋਸ ਦੀ ਗੱਲ ਹੈ ਕਿ ਜਦੋਂ ਸਰਦੇ ਪੁਜਦੇ ਪਰਿਵਾਰ ਦਿਵਾਲੀ ਦੇ ਵੱਡੇ ਤਿਉਹਾਰ ਦੀ ਜੋਰ ਸ਼ੋਰ ਨਾਲ ਤਿਆਰੀ ਵਿੱਚ ਜੁਟੇ ਹੋਏ ਹਨ, ਨਰੇਗਾ ਮਜਦੂਰ ਬੀਬੀਆਂ ਭੈਣਾਂ ਨੂੰ ਜ਼ਿਲਾ ਪ੍ਰਸ਼ਾਸਨ ਅਤੇ ਸਰਕਾਰਾਂ ਨੂੰ ਇਹ ਦੱਸਣਾ ਪੈ ਰਿਹਾ ਹੈ ਕਿ ਨਰੇਗਾ ਕੰਮ ਸ਼ੁਰੂ ਨਾ ਹੋਣ ਕਰਕੇ ਉਨਾਂ ਦੀ ਦਿਵਾਲੀ ਵੀ ਫਿੱਕੀ ਹੈ ਅਤੇ ਚੁੱਲ੍ਹੇ ਵੀ ਠੰਡੇ ਹਨ।



ਰੋਸ ਰੈਲੀ ਨੂੰ ਕਾਮਰੇਡ ਗੁਰਨਾਮ ਸਿੰਘ ਸਰਪੰਚ ਮਾਨੀ ਵਾਲਾ, ਬਿਜਲੀ ਨਿਗਮ ਦੇ ਪੈਨਸ਼ਨਰ ਆਗੂ ਹਰਪਾਲ ਸਿੰਘ ਮਚਾਕੀ, ਕੁਲ ਹਿੰਦ ਕਿਸਾਨ ਸਭਾ ਦੇ ਸੁਖਜਿੰਦਰ ਸਿੰਘ ਤੂੰਬੜਭੰਨ, ਮੁਖਤਿਆਰ ਸਿੰਘ ਭਾਣਾ, ਬੋਰਡ ਦੇ ਬਲਕਾਰ ਸਿੰਘ ਸਹੋਤਾ, ਗੁਰਦੀਪ ਸਿੰਘ ਕੰਮੇਆਣਾ, ਸ਼ਿਵ ਨਾਥ ਦਰਦੀ, ਨਰੇਗਾ ਮੇਟ ਬੀਬੀਆਂ ਪਰਮਜੀਤ ਕੌਰ ਅਤੇ ਲਵਪ੍ਰੀਤ ਕੌਰ ਪਿਪਲੀ, ਅੰਜੂ ਕੌਰ ਰਾਜੋਵਾਲਾ, ਸੁਖਾ ਸਿੰਘ ਰਤੀ ਰੋੜੀ, ਸੁਖਜੀਤ ਕੌਰ ਕਿਲਾ ਨੌਂ, ਕੋਮਲ ਕੌਰ ਮਚਾਕੀ ਮਲ ਸਿੰਘ, ਨੱਥਾ ਸਿੰਘ ਅਰਾਈਆਂਵਾਲਾ, ਕਰਮਜੀਤ ਕੌਰ ਗੋਲੇਵਾਲਾ, ਸਿਮਰਨਜੀਤ ਕੌਰ ਰੁਪਈਆਂ ਵਾਲਾ, ਨੇਹਾ ਕੌਰ, ਦਰਸ਼ਨ ਸਿੰਘ ਪੱਕਾ, ਗੁਰਵਿੰਦਰ ਮਚਾਕੀ, ਗੁਰਮੇਲ ਸਿੰਘ ਡਗੋ ਰੋਮਾਣਾ, ਗੁਰਭੇਜ ਸਿੰਘ ਦਾਨਾ ਰੋਮਾਣਾ ਆਦਿ ਨੇ ਸੰਬੋਧਨ ਕੀਤਾ। ਕਾਰਜਕਾਰੀ ਮੈਜਿਸਟ੍ਰੇਟ ਗੋਇਲ ਸਾਹਿਬ ਨੇ ਧਰਨੇ ਵਿੱਚ ਪਹੁੰਚ ਕੇ ਡਿਪਟੀ ਕਮਿਸ਼ਨਰ ਫਰੀਦਕੋਟ ਵੱਲੋਂ ਮੰਗ ਪੱਤਰ ਪ੍ਰਾਪਤ ਕੀਤਾ। ਆਗੂਆਂ ਨੇ ਸਰਕਾਰ ਨੂੰ ਚੇਤਾਵਨੀ ਦਿੰਦੇ ਹੋਏ ਐਲਾਨ ਕੀਤਾ ਕਿ ਜੇ ਨਰੇਗਾ ਕਾਮਿਆਂ ਨਾਲ ਬੇਇਨਸਾਫ਼ੀ ਬੰਦ ਨਾ ਕੀਤੀ ਤਾਂ ਲੰਬਾ ਸੰਘਰਸ਼ ਸ਼ੁਰੂ ਕੀਤਾ ਜਾਵੇਗਾ ਜਿਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।

## ਜਬਰ ਜੁਲਮ ਵਿਰੋਧੀ ਫਰੰਟ ਤੇ ਗੁਰੂ ਰਵਿਦਾਸ ਸੇਵਾ ਸੁਸਾਇਟੀ ਨਾਭਾ ਵੱਲੋਂ ਦਲਿਤ ਵਿਰੋਧੀ ਅਤਿਆਚਾਰਾਂ ਖਿਲਾਫ ਰੋਸ ਪ੍ਰਦਰਸ਼ਨ



ਨਾਭਾ 14 ਅਕਤੂਬਰ : ਨਾਭਾ ਵਿਖੇ ਜਬਰ ਜੁਲਮ ਵਿਰੋਧੀ ਫਰੰਟ ਰਜਿ,ਪੰਜਾਬ ਅਤੇ ਸ੍ਰੀ ਗੁਰੂ ਰਵਿਦਾਸ ਸੇਵਾ ਸੋਸਾਇਟੀ ਨਾਭਾ ਵੱਲੋਂ ਸਾਂਝੇ ਤੌਰ ਤੇ ਸੀ ਜੇ ਆਈ ਸੁਪਰੀਮ ਕੋਰਟ ਆਫ ਇੰਡੀਆ ਮਾਨਯੋਗ ਬੀ ਆਰ ਗਵੱਈ ਉੱਪਰ ਹਮਲਾ ਕਰਕੇ ਉਹਨਾਂ ਨੂੰ ਜਾਤੀ ਤੌਰ ਤੇ ਅਪਮਾਨਤ ਕਰਨ ਵਿਰੁੱਧ ਅਤੇ ਹਰਿਆਣਾ ਸਰਕਾਰ ਦੇ ਏ ਡੀ ਜੀ ਪੀ ਸ੍ਰੀ ਵਾਈ ਪੂਰਨ ਕੁਮਾਰ ਆਈ ਪੀ ਐਸ ਨੂੰ ਉੱਚ ਜਾਤੀ ਦੇ ਪੁਲਿਸ ਅਫਸਰਾਂ ਵੱਲੋਂ ਜਾਤੀ ਤੌਰ ਤੇ ਤੰਗ ਪਰੇਸ਼ਾਨ ਤੇ ਜਲੀਲ ਕਰਕੇ ਉਸ ਦੀ ਜਾਨ ਲੈਣ ਵਾਲੇ ਮੁਲਜਮਾਂ ਖਿਲਾਫ ਕਾਰਵਾਈ ਕਰਵਾਉਣ ਲਈ ਤੇ ਟੋਡਰਵਾਲ ਜਾਤੀ ਅੱਤਿਆਚਾਰ ਕਾਂਡ ਅਤੇ ਪੰਜਾਬ ਦੀ ਧਰਤੀ ਤੇ ਉਦਯੋਗ



ਮਾਲਕਾਂ ਵੱਲੋਂ ਗੰਦਾ ਅਤੇ ਦੂਸ਼ਿਤ ਪਾਣੀ ਸਿੱਧਾ ਧਰਤੀ ਵਿੱਚ ਸੁੱਟ ਕੇ ਧਰਤੀ ਹੇਠਲਾ ਪਾਣੀ ਪ੍ਰਦੂਸ਼ਿਤ ਕਰਨ ਤੇ ਰੋਕ ਲਗਾਉਣ ਅਤੇ ਅਜਿਹਾ ਕਰਨ ਵਾਲੇ ਫੈਕਟਰੀ ਮਾਲਕਾਂ ਖਿਲਾਫ ਕਾਰਵਾਈ ਕਰਨ ਦੀਆਂ ਮੰਗਾਂ ਨੂੰ ਲੈ ਕੇ ਦਫਤਰ ਐਸ ਡੀ ਐਮ ਨਾਭਾ ਵਿਖੇ ਭਾਰੀ ਗਿਣਤੀ ਵਿੱਚ ਹਾਜ਼ਰ ਵਰਕਰਾਂ ਵੱਲੋਂ ਰੋਸ ਮਾਰਚ ਅਤੇ ਮੁਜ਼ਾਹਰਾ ਕਰਕੇ ਦੋਸ਼ੀਆਂ ਵਿਰੁੱਧ ਕਾਰਵਾਈ ਕਰਨ ਲਈ ਐਸ ਡੀ ਐਮ ਸਾਹਿਬ ਨਾਭਾ ਰਾਹੀਂ ਮਾਨਯੋਗ ਰਾਸ਼ਟਰਪਤੀ ਸਾਹਿਬਾ ਭਾਰਤ ਸਰਕਾਰ ਦਿੱਲੀ ਨੂੰ ਮੰਗ ਪੱਤਰ ਭੇਜਿਆ ਗਿਆ ਸੰਸਥਾਵਾਂ ਆਗੂਆਂ ਵੱਲੋਂ ਮੰਗ ਕੀਤੀ ਕਿ ਸੁਪਰੀਮ ਕੋਰਟ ਆਫ ਇੰਡੀਆ ਦੇ ਮੁੱਖ ਜੱਜ ਨੂੰ ਅਪਮਾਨਤ ਕਰਨ ਵਾਲਾ ਆਰ ਐਸ ਐਸ ਦਾ ਕਾਰਕੁੰਨ ਹੈ ਜਿਸ ਨੇ ਕਾਨੂੰਨ ਅਤੇ ਸੰਵਿਧਾਨ ਦੀ ਹੀ ਉਲੰਘਣਾ ਨਹੀਂ ਕੀਤੀ ਬਹੁਤ ਵੱਡਾ ਦੇਸ਼ ਧਰੋਹੀ ਕੰਮ ਕੀਤਾ ਇਸ ਖਿਲਾਫ ਦੇਸ਼ ਧਰੋਹੀ ਦਾ ਪਰਚਾ ਦਰਜ ਕਰਕੇ ਇਸਨੂੰ ਤੁਰੰਤ ਗਿਰਫਤਾਰ ਕੀਤਾ ਜਾਵੇ ਅਤੇ ਪਿਛਲੇ ਦਿਨੀ ਵਾਈ ਪੂਰਨ ਕੁਮਾਰ ਆਈ ਪੀ ਐਸ / ਏ ਡੀ ਜੀ ਪੀ ਹਰਿਆਣਾ ਨੂੰ ਜਾਤੀ ਤੌਰ ਤੇ ਤੰਗ ਤੇ ਪਰੇਸ਼ਾਨ ਕਰਕੇ ਮਰਨ ਲਈ ਮਜਬੂਰ ਕਰਨ ਵਾਲੇ ਡੀ ਜੀ ਪੀ ਹਰਿਆਣਾ ਅਤੇ ਰੋਹਤਕ ਦੇ ਐਸ ਪੀ ਨੂੰ ਤੁਰੰਤ ਗਿਰਫਤਾਰ ਕੀਤਾ ਜਾਵੇ ਜਬਰ ਜੁਲਮ ਵਿਰੋਧੀ ਫਰੰਟ ਦੇ ਪ੍ਰਧਾਨ ਰਾਜ ਸਿੰਘ ਟੋਡਰਵਾਲ ਚੇਅਰਮੈਨ ਪਾਲ ਸਿੰਘ ਭੱਦਲਥੂਹਾ, ਸਮਸੇਰ ਸਿੰਘ ,ਬਾਲੀਆ ਬਲਵਿੰਦਰ ਸਿੰਘ ਗਲਵੱਟੀ ,ਅੰਮ੍ਰਿਤ ਸਿੰਘ ਅਤੇ ਸ੍ਰੀ ਗੁਰੂ ਰਵਿਦਾਸ ਸੇਵਾ ਸੋਸਾਇਟੀ ਦੇ ਹੰਸ ਰਾਜ ਮਹਿਮੀ ਸਾਬਕਾ ਪ੍ਰਧਾਨ ,ਸ੍ਰੀ ਰਾਮਧਨ ਸਿੰਘ ਆਡੀਟਰ, ਜਨ ਸਕੱਤਰ ਸ੍ਰੀ ਅਮਰ ਸਿੰਘ, ਦਲਵੀਰ ਸਿੰਘ ਛੀਟਾਂਵਾਲਾ ਸਟੇਜ ਸਕੱਤਰ, ਮਿਹਰ ਸਿੰਘ , ਭਵੀਸਨ ਸਿੰਘ ,ਕੈਪਟਨ ਸੋਮ ਸਿੰਘ , ਸਤਪਾਲ ਸਿੰਘ ਦਰਗਾਪੁਰ ਆਦਿ ਆਗੂਆਂ ਵੱਲੋਂ ਹਰਿਆਣਾ ਸਰਕਾਰ ਤੇ ਦਿੱਲੀ ਦੀ ਸਰਕਾਰ ਤੇ ਤੇ ਸੈਂਟਰ ਸਰਕਾਰ ਖਿਲਾਫ ਜਬਰਦਸਤ ਨਾਅਰੇਬਾਜੀ ਕੀਤੀ ਗਈ ਉਹਨਾਂ ਕਿਹਾ ਕਿ ਜੇਕਰ ਕਾਰਵਾਈ ਨਾ ਕੀਤੀ ਗਈ ਤਾਂ ਬਹੁਜਨ ਸਮਾਜ ਸੜਕਾਂ ਤੇ ਨਿਕਲਣ ਲਈ ਮਜਬੂਰ ਹੋਵੇਗਾ

## ਬਹੁਜਨ ਸਮਾਜ ਪਾਰਟੀ ਲੁਧਿਆਣਾ ਵੱਲੋਂ ਹਰਿਆਣਾ ਸਰਕਾਰ ਦਾ ਪਿੱਟ ਸਿਆਪਾ

ਲੁਧਿਆਣਾ 14 ਅਕਤੂਬਰ : ਪੰਜਾਬ ਦੇ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਜੀ ਦੇ ਦਿਸ਼ਾਂ ਨਿਰਦੇਸ਼ਾਂ ਅਨੁਸਾਰ ਸ਼ਹਿਰੀ ਅਤੇ ਦਿਹਾਤੀ ਟੀਮ ਵੱਲੋਂ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਰਾਹੀਂ ਰਾਸ਼ਟਰਪਤੀ ਨੂੰ ਮੰਗ ਪੱਤਰ ਸੌਂਪਿਆ ਗਿਆ ਜਿਸ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਸਪਾ ਆਗੂਆਂ ਵੱਲੋਂ ਭਾਰਤ ਨਗਰ ਚੌਂਕ ਵਿਖੇ ਰੋਸ ਧਰਨਾ ਪ੍ਰਦਰਸ਼ਨ ਕੀਤਾ ਅਤੇ ਡਿਪਟੀ ਕਮਿਸ਼ਨਰ ਲੁਧਿਆਣਾ ਦੇ ਦਫ਼ਤਰ ਤੱਕ ਰੋਸ ਪ੍ਰਦਰਸ਼ਨ ਕੀਤਾ ਤੇ ਨਾਹਰੇ ਲਗਾ ਕੇ ਹਰਿਆਣਾ ਸਰਕਾਰ ਦਾ ਪਿਟ ਸਿਆਪਾ ਕੀਤਾ ਜਿਸ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਸਪਾ ਆਗੂਆਂ ਵੱਲੋਂ ਹਰਿਆਣਾ ਦੇ ਏ ਡੀ ਜੀ ਪੀ ਵਾਈ ਪੂਰਨ ਕੁਮਾਰ ਜਿਨ੍ਹਾਂ ਨੇ ਪਿਛਲੇ ਦਿਨੀਂ ਆਤਮ ਹੱਤਿਆਂ ਕੀਤੀ ਸੀ ਉਨ੍ਹਾਂ




ਨੂੰ ਆਤਮ ਹੱਤਿਆਂ ਲਈ ਮਜ਼ਬੂਰ ਕਰਨ ਵਾਲੇ ਅਫਸਰਾਂ ਨੂੰ ਸੰਵਿਧਾਨ ਮੁਤਾਬਿਕ ਬਣਦੀ ਸਜ਼ਾ ਦੇਣ ਦੇ ਲਈ ਦੇਸ਼ ਦੇ ਰਾਸ਼ਟਰਪਤੀ ਨੂੰ ਡੀ ਸੀ ਰਾਹੀਂ ਮੰਗ ਪੱਤਰ ਦਿੱਤਾ ਜਿਸ ਵਿੱਚ ਬਲਵਿੰਦਰ ਬਿੱਟਾ ਜ ਸਕੱਤਰ ਬਸਪਾ ਪੰਜਾਬ ਭਾਗ ਸਿੰਘ ਸਰੀਂਹ ਸੂਬਾ ਸਕੱਤਰ ਬਸਪਾ ਪੰਜਾਬ ਜ਼ਿਲ੍ਹਾ ਪ੍ਰਧਾਨ ਬਲਵਿੰਦਰ ਜੱਸੀ ਪ੍ਰਗਣ ਬਿਲਗਾ ਦਿਹਾਤੀ ਇਨਚਾਰਜ ਲੁਧਿਆਣਾ ਦਿਹਾਤੀ ਪ੍ਰਧਾਨ ਨਿਰਮਲ ਸਿੰਘ ਸਾਇਆ ਕਲਾ ਭੁਪਿੰਦਰ ਸਿੰਘ ਜੌੜਾ ਜੌਨ ਇਨਚਾਰਜ ਮਨਜੀਤ ਸਿੰਘ ਬਾੜੇਵਾਲ ਕਮਲ ਘਈ ਪ੍ਰਧਾਨ ਹਲਕਾ ਗਿੱਲ ਬਲਜੀਤ ਸਿੰਘ ਸਾਇਆ ਕਲਾ ਸਾਬਕਾ ਵਾਈਸ ਪ੍ਰਧਾਨ ਹਲਕਾ ਗਿੱਲ ਇੰਦਰੇਸ਼ ਕੁਮਾਰ ਬਿੱਟੂ ਸ਼ੇਰਪੁਰ ਅਮਰੀਕ ਸਿੰਘ ਘੁਲਾਲ ਬਿੱਕਰ ਸਿੰਘ ਝਮਟ ਸੋਨੂੰ ਅੰਬੇਡਕਰ ਰਾਜ ਸਿੰਘ ਡੇਹਲੋਂ ਡਾਕਟਰ ਰੋਸ਼ਨ ਲਾਲ ਮਨਪ੍ਰੀਤ ਸਿੰਘ ਡੇਹਲੋਂ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ

## ਜਮਹੂਰੀ ਅਧਿਕਾਰ ਸਭਾ ਇਕਾਈ ਸੰਗਰੂਰ ਵੱਲੋਂ ਸੰਵੇਦਨਸ਼ੀਲ ਮੁਦਿਆਂ ਤੇ 26 ਅਕਤੂਬਰ ਨੂੰ ਜਮਹੂਰੀ ਤੇ ਜਨਤਕ ਜਥੇਬੰਦੀਆਂ ਦੀ ਮੀਟਿੰਗ ਸੱਦੀ।

### ਚੀਫ ਜਸਟਿਸ ਤੇ ਜੁੱਤੀ ਸੁਟਣਾਂ ,ਉਚ ਪੁਲਿਸ ਅਧਿਕਾਰੀ ਨੂੰ ਖੁਦਕੁਸ਼ੀ ਲਈ ਮਜਬੂਰ ਕਰਨਾਂ ਤੇ ਯੋਗੀ ਭਗਤਾਂ ਵੱਲੋਂ ਦਲਿਤ ਨੌਜਵਾਨ ਦੀ ਕੀਤੀ ਹੱਤਿਆ ਫਾਸ਼ੀਵਾਦੀ ਵਰਤਾਰਾ ।

### ਜਮੀਨ ਪ੍ਰਾਪਤੀ ਸ਼ੰਘਰਸ਼ ਕਮੇਟੀ ਦੇ ਆਗੂਆਂ ਤੇ ਕੇਸ ਦਰਜ ਕਰਕੇ ਜਥੇਬੰਦੀ ਨੂੰ ਸ਼ੰਘਰਸ਼ ਕਰਨ ਤੋਂ ਰੋਕਣਾਂ ਜਮਹੂਰੀ ਅਧਿਕਾਰਾਂ ਦਾ ਘਾਣ।

ਜਗਜੀਤ ਭੁਟਾਲ ਪ੍ਰਧਾਨ




ਸੰਗਰੂਰ 14ਅਕਤੂਬਰ : ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਜ਼ਿਲ੍ਹਾ ਇਕਾਈ ਸੰਗਰੂਰ ਨੇ ਬੀਤੇ ਦਿਨੀਂ ਸੰਘਰਸ਼ ਸ਼ੀਲ ਜਥੇਬੰਦੀਆਂ ਦੇ ਆਗੂਆਂ ਅਤੇ ਦਲਿਤਾਂ, ਔਰਤਾਂ ਖ਼ਿਲਾਫ਼ ਵਾਪਰੀਆਂ ਘਟਨਾਵਾਂ ਤੇ ਗੰਭੀਰ ਚਿੰਤਨ ਕਰਦਿਆਂ ਇਸ ਵਰਤਾਰੇ ਖਿਲਾਫ਼ ਲੋਕਾਂ ਨੂੰ ਚੇਤੰਨ ਕਰਨ ਦੇ ਉਪਰਾਲੇ ਵਜੋਂ ਜਨਤਕ ਲਾਮਬੰਦੀ ਕਰਨ ਦਾ ਫੈਸਲਾ ਕੀਤਾ ਹੈ। ਇਹ ਫੈਸਲਾ ਬੀਤੇ ਦਿਨੀਂ ਸਭਾ ਦੀ ਜ਼ਿਲ੍ਹਾ ਇਕਾਈ ਦੀ ਜਗਜੀਤ ਸਿੰਘ ਭੁਟਾਲ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਕੀਤਾ ਗਿਆ। ਮੀਟਿੰਗ ਵਿਚ ਹੋਏ ਫੈਸਲਿਆਂ ਸੰਬੰਧੀ ਜਾਣਕਾਰੀ ਦਿੰਦਿਆਂ ਸਭਾ ਦੇ ਜ਼ਿਲ੍ਹਾ ਸਕੱਤਰ ਕੁਲਦੀਪ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੰਘਰਸ਼ ਸ਼ੀਲ ਲੋਕਾਂ ਉਪਰ ਕੀਤੇ ਜਾ ਰਹੇ ਜਬਰ ਦੇ ਸਿੱਟੇ ਵਜੋਂ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂਆਂ ਨੂੰ ਜਨਤਕ ਸਰਗਮੀਆਂ ਕਰਨ ਤੇ ਅਣ ਐਲਾਨੀ ਪਾਬੰਦੀ ਲਗਾਈ ਹੋਈ ਹੈ। ਕੁਝ ਆਗੂਆਂ ਖ਼ਿਲਾਫ਼ ਦਰਜ ਕੀਤੇ ਕੇਸਾਂ ਅਧੀਨ ਸੰਘਰਸ਼ ਕਮੇਟੀ ਦੇ ਆਗੂ ਬਿਕਰ ਸਿੰਘ ਹਥੋਆ ਨੂੰ ਮਹੀਨਿਆਂ ਬੱਧੀ ਜੇਲ ਵਿਚ ਸੁਟਿਆ ਹੋਇਆ ਹੈ। ਉਸ ਦੇ ਪਿਤਾ ਦੀ ਮੌਤ ਸਮੇਂ ਸੰਸਕਾਰ ਅਤੇ ਭੋਗ ਸਮੇਂ ਹਥਕੜੀਆਂ ਵਿਚ ਜਕੜ ਕੇ ਰੱਖ ਕੇ ਸੰਘਰਸ਼ ਸ਼ੀਲ ਲੋਕਾਂ ਨੂੰ ਦਹਿਸ਼ਤ ਜਦਾ ਕਰਨ ਦੀ ਅਸਫਲ ਕੀਤੀ ਗਈ ਹੈ। ਕੇਂਦਰ ਸਰਕਾਰ ਵੱਲੋਂ ਲਦਾਖ਼ ਖੇਤਰ ਦੀਆਂ ਜਾਇਜ਼ ਮੰਗਾਂ ਲਈ ਸ਼ਾਂਤਮਈ ਸੰਘਰਸ਼ ਕਰ ਰਹੇ ਇਕ ਉੱਘੇ ਵਿਗਿਆਨੀ, ਵਾਤਾਵਰਨ ਪ੍ਰੇਮੀ ਅਤੇ ਗਾਂਧੀ ਵਾਦੀ ਸਮਾਜਿਕ ਆਗੂ ਸੋਨਮ ਵਾਂਗਚੁਕ ਨੂੰ ਝੂਠੇ ਬਿਰਤਾਂਤ ਸਿਰਜ ਕੇ ਰਾਸ਼ਟਰੀ ਸੁਰੱਖਿਆ ਕਾਨੂੰਨ ਲਗਾ ਕੇ ਜੋਧਪੁਰ ਜੇਲ ਵਿਚ ਸੁੱਟ ਦਿੱਤਾ ਗਿਆ ਹੈ। ਭਾਰਤ ਦੇ ਚੀਫ ਜਸਟਿਸ ਉਪਰ ਜੁੱਤੀ ਸੁੱਟਣ ਵਾਲੇ ਵਕੀਲ ਖਿਲਾਫ ਕਾਰਵਾਈ ਕਰਨ ਦੀ ਥਾਂ, ਉਸ ਨੂੰ ਫ਼ਿਰਕੂ ਜ਼ਹਿਰ ਫੈਲਾਉਣ ਦੀ ਅਤੇ ਇਸ ਘਟਨਾ ਵਿਚ ਚੀਫ਼ ਜਸਟਿਸ ਦੀ ਜਾਤਪਾਤੀ ਆਧਾਰ ਤੇ ਕਿਰਦਾਰਕੁਸ਼ੀ ਕਰਨ ਵਾਲੇ ਮੀਡੀਏ ਨੂੰ ਖੁਲ੍ਹੀ ਛੁੱਟੀ ਦੇ ਕੇ, ਹਰਿਆਣਾ ਵਿੱਚ ਜਾਤਪਾਤੀ ਉਤਪੀੜਨ ਕਾਰਨ ਖੁਦਕੁਸ਼ੀ ਕਰ ਗਏ ਉਚ ਪੁਲਿਸ ਅਧਿਕਾਰੀ ਲਈ ਜੁੰਮੇਵਾਰ ਪੁਲਿਸ ਅਧਿਕਾਰੀ ਅਤੇ ਹੋਰ ਲੋਕਾਂ ਖਿਲਾਫ ਕਾਰਵਾਈ ਕਰਨ ਤੋਂ ਪਾਸਾ ਵੱਟ ਕੇ, ਉਤਰ ਪ੍ਰਦੇਸ਼ ਵਿਚ ਬਰੇਲੀ ਵਿਚ ਯੋਗੀ ਭਗਤ ਵਲੋਂ ਦਲਿਤ ਨੌਜਵਾਨ ਦੀ ਕੀਤੀ ਹੱਤਿਆ ਦੀਆਂ ਘਟਨਾਵਾਂ ਨੇ ਕੇਂਦਰ ਸਰਕਾਰ ਦੇ ਦਲਿਤ ਵਿਰੋਧੀ ਅਤੇ ਫਿਰਕੂ ਚਿਹਰੇ ਨੂੰ ਨੰਗਾ ਕਰ ਦਿੱਤਾ ਹੈ। ਇਸ ਲਈ ਰਾਜ ਸਰਕਾਰ ਅਤੇ ਕੇਂਦਰ ਸਰਕਾਰ ਦੇ ਫਾਸ਼ੀਵਾਦੀ ਕਿਰਦਾਰ ਪ੍ਰਤੀ ਲੋਕ ਚੇਤਨਾ ਦਾ ਪਸਾਰਾ ਕਰਨ ਲਈ ਜਨਤਕ ਲਾਮਬੰਦੀ ਕਰਨ ਲਈ 26 ਅਕਤੂਬਰ, ਐਤਵਾਰ, ਨੂੰ ਸੰਗਰੂਰ ਵਿੱਚ ਜਨਤਕ ਜਮਹੂਰੀ ਜਥੇਬੰਦੀਆਂ ਅਤੇ ਇਨਸਾਫ ਪਸੰਦ ਲੋਕਾਂ ਦੀ ਮੀਟਿੰਗ ਕਰਨ ਦਾ ਫੈਸਲਾ ਕੀਤਾ ਗਿਆ ਹੈ।

ਮੀਟਿੰਗ ਵਿੱਚ ਮੁਨਾਫ਼ਾਖੋਰੀ ਦੀ ਲਾਲਸਾ ਵਿੱਚ ਸਰਕਾਰੀ ਸਰਪ੍ਰਸਤੀ ਹੇਠ ਘਟੀਆ ਦਵਾਈਆਂ ਬਣਾਉਣ ਵਾਲੇ ਪੂੰਜੀਪਤੀਆਂ ਨੂੰ ਜੇਲ੍ਹਾਂ ਵਿੱਚ ਬੰਦ ਕਰਨ ਦੀ ਮੰਗ ਕੀਤੀ ਅਤੇ ਸੰਗਰੂਰ ਜ਼ਿਲ੍ਹੇ ਸਮੇਤ ਪੰਜਾਬ ਵਿੱਚ ਡੇਂਗੂ ਅਤੇ ਚਿਕਨਗੁਨੀਆਂ ਨਾਲ ਪੀੜਤ ਲੱਖਾਂ ਲੋਕਾਂ ਪ੍ਰਤੀ ਸਰਕਾਰ ਵਲੋਂ ਦਿਖਾਈ ਜਾ ਰਹੀ ਬੇਰੁਖੀ ਉਪਰ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਸਰਕਾਰ ਨੂੰ ਲੋਕਾਂ ਦੇ ਮੁਕੰਮਲ ਅਤੇ ਮੁਫ਼ਤ ਇਲਾਜ ਦਾ ਪ੍ਰਬੰਧ ਕਰਨ ਦੀ ਮੰਗ ਕੀਤੀ ਅਤੇ ਇਹਨਾਂ ਬਿਮਾਰੀਆਂ ਕਾਰਨ ਮਿਰਤਕ ਵਿਆਕਤੀਆਂ ਦੇ ਵਾਰਸਾਂ ਨੂੰ ਯੋਗ ਮੁਆਵਜ਼ਾ ਦੇਣ ਦੀ ਮੰਗ ਵੀ ਕੀਤੀ। ਮੀਟਿੰਗ ਵਿੱਚ ਸੂਬਾ ਆਗੂ ਸਵਰਨਜੀਤ ਸਿੰਘ, ਮਨਧੀਰ ਸਿੰਘ ਰਾਜੋਮਾਜਰਾ,ਵਿਸਾਖਾ ਸਿੰਘ ਸਮੇਤ ਜ਼ਿਲ੍ਹਾ ਆਗੂ ਬਸੇਸਰ ਰਾਮ, ਕੁਲਵਿੰਦਰ ਬੰਟੀ, ਭਜਨ ਸਿੰਘ ਰੰਗੀਆਂ, ਰਘਬੀਰ ਸਿੰਘ ਭੁਟਾਲ, ਲਛਮਣ ਅਲੀਸ਼ੇਰ ਅਤੇ ਪ੍ਰਿੰਸੀਪਲ ਅਮਰੀਕ ਸਿੰਘ ਖੋਖਰ ਵੀ ਸ਼ਾਮਲ ਸਨ।

## ਪੰਜਾਬੀ ਲਾਇਵ ਪ੍ਰੋਗਰਾਮ ਮਾਨਸਰੋਵਰ ਸਾਹਿਤ ਅਕਾਦਮੀ ਦਾ ਮਾਣ ਵਧਾਵੇ ਮਾਂ ਬੋਲੀ ਪੰਜਾਬੀ ਦਾ – ਸੂਦ ਵਿਰਕ

ਅਸ਼ੋਕ ਸ਼ਰਮਾ




ਫ਼ਗਵਾੜਾ 14 ਅਕਤੂਬਰ : ਪੰਜਾਬੀ ਭਾਸ਼ਾ ਇਕਾਈ ਮਾਨਸਰੋਵਰ ਸਾਹਿਤ ਅਕਾਦਮੀ ਰਾਜਸਥਾਨ ਵੱਲੋਂ ਮਿਤੀ 12 ਅਕਤੂਬਰ 2025 ਦਿਨ ਐਤਵਾਰ ਨੂੰ ਪੰਜਾਬੀ ਕਵੀ ਦਰਬਾਰ ਕਰਵਾਇਆ ਗਿਆ। ਜਿਸ ਵਿੱਚ ਕਵੀ ਹਰਪ੍ਰੀਤ ਸਿੰਮੀ (ਗੁਰਦਾਸਪੁਰ), ਭਿੰਦਰ ਘਣੀਏਂ ਵਾਲਾ, ਦਿਆਲ ਕੌਰ ਪਵਾਤ, ਅੰਮ੍ਰਿਤ ਮੰਨਣ, ਪਰਵੀਨ ਰਾਗ ਸ਼ਾਮਿਲ ਹੋਏ। ਕਵੀ ਅਮਨ ਵਾਰਵਲ ਤਕਨੀਕੀ ਖਰਾਬੀ ਕਾਰਨ ਕਵੀ ਦਰਬਾਰ ਵਿੱਚ ਸ਼ਾਮਿਲ ਨਹੀਂ ਹੋ ਪਾਏ। ਪ੍ਰੋਗਰਾਮ ਦਾ ਆਗਾਜ਼ ਸੰਚਾਲਕ ਮਹਿੰਦਰ ਸੂਦ ਵਿਰਕ ਨੇ ਸ਼ਾਨਦਾਰ ਅੰਦਾਜ਼ ਵਿੱਚ ਕੀਤਾ। ਫਿਰ ਹਰਪ੍ਰੀਤ ਸਿੰਮੀ ਅਤੇ ਅੰਮ੍ਰਿਤ ਨੇ ਗ਼ਜ਼ਲਾਂ ਸੁਣਾ ਕੇ ਸਰੋਤਿਆਂ ਤੋਂ ਵਾਹ-ਵਾਹ ਖੱਟੀ। ਦਿਆਲ ਕੌਰ ਪਵਾਤ ਅਤੇ ਭਿੰਦਰ ਘਣੀਏਂ ਵਾਲਾ ਨੇ ਸੇਧ ਵਰਧਕ ਕਵਿਤਾਵਾਂ ਪੇਸ਼ ਕੀਤੀਆਂ। ਪਰਵੀਨ ਰਾਗ ਨੇ ਵੀ ਕਵਿਤਾਵਾਂ ਨਾਲ ਖੂਬ ਸਮਾਂ ਬੰਨ੍ਹਿਆ। ਪ੍ਰੋਗਰਾਮ ਪ੍ਰਬੰਧਕ ਇਕਬਾਲ ਸਿੰਘ ਸਹੋਤਾ ਅਤੇ ਸੰਸਥਾਪਕ ਮਾਨ ਸਿੰਘ ਸੁਥਾਰ ਤੇ ਚੇਅਰਮੈਨ ਮੈਡਮ ਸੀਯਾ ਭਾਰਤੀ ਜੀ ਨੇ ਕਵੀ ਦਰਬਾਰ ਵਿੱਚ ਸ਼ਾਮਿਲ ਸਾਰੇ ਕਵੀ ਸਾਹਿਬਾਨ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕਰਨ ਦਾ ਐਲਾਨ ਕੀਤਾ। ਅਖੀਰ ਸੰਚਾਲਕ ਸੂਦ ਵਿਰਕ ਨੇ ਡਾ ਨਿਰਭੈ ਸਿੰਘ ਦੀ ਕਵਿਤਾ "ਰਹਿਮਤ ਤੇਰੀ" ਦੇ ਨਾਲ ਪ੍ਰੋਗਰਾਮ ਦੀ ਸਮਾਪਤੀ ਕੀਤੀ।

## ਚੰਗੇ ਸਮਾਜ ਦੀ ਸਿਰਜਨਾ ਲਈ ਲੜਕੀਆਂ ਨੂੰ ਦਿੱਤੇ ਜਾਣ ਲੜਕਿਆਂ ਦੇ ਬਰਾਬਰ ਅਧਿਕਾਰ : ਸਿਵਲ ਸਰਜਨ

ਗੁਰਪ੍ਰੀਤ ਚਹਿਲ



ਬਠਿੰਡਾ,14 ਅਕਤੂਬਰ : ਪੰਜਾਬ ਸਰਕਾਰ ਅਤੇ ਸਿਵਲ ਸਰਜਨ ਡਾ. ਤਪਿਦਰਜੋਤ ਦੇ ਦਿਸ਼ਾ-ਨਿਰਦੇਸ਼ਾ ਤਹਿਤ ਅਤੇ ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ ਸੁਖਜਿੰਦਰ ਸਿੰਘ ਗਿੱਲ ਦੀ ਅਗਵਾਈ ਹੇਠ ਜ਼ਿਲ੍ਹੇ ਵਿੱਚ ਬੇਟੀ ਬਚਾਓ, ਬੇਟੀ ਪੜਾਓ ਮੁਹਿੰਮ ਤਹਿਤ ਲੋਕਾਂ ਨੂੰ ਪੀ.ਸੀ.ਪੀ.ਐਨ.ਡੀ.ਟੀ ਐਕਟ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਇਸੇ ਤਹਿਤ ਨੈਸ਼ਨਲ ਗਰਲ ਚਾਈਲਡ ਦਿਵਸ ਦੇ ਸਬੰਧ ਵਿੱਚ ਸਿਵਲ ਸਰਜਨ ਬਠਿੰਡਾ ਵੱਲੋਂ ਪੀ.ਸੀ.ਪੀ.ਐਨ.ਡੀ.ਟੀ ਐਕਟ ਸਬੰਧੀ ਪੋਸਟਰ ਅਤੇ ਪੈਫਲੈਟ ਰੀਲੀਜ਼ ਕੀਤੇ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆ ਸਿਵਲ ਸਰਜਨ ਡਾ ਤਪਿੰਦਰਜੋਤ ਨੇ ਦੱਸਿਆ ਕਿ ਅੰਤਰਰਾਸ਼ਟਰੀ ਗਰਲ ਚਾਈਲਡ ਦਿਵਸ ਹਰ ਸਾਲ 11 ਅਕਤੂਬਰ ਨੂੰ ਮਨਾਇਆ ਜਾਂਦਾ ਹੈ। ਇਸ ਦਿਨ ਦੀ ਸ਼ੁਰੂਆਤ ਸਾਲ 2012 ਵਿੱਚ ਕੀਤੀ ਗਈ ਸੀ, ਜਿਸ ਦਾ ਉਦੇਸ਼ ਲੜਕੀਆਂ ਦੇ ਅਧਿਕਾਰਾਂ ਦੀ ਰੱਖਿਆ ਕਰਨਾ ਅਤੇ ਉਸ ਦੇ ਜੀਵਨ ਦੇ ਹਰ ਖੇਤਰ ਵਿੱਚ ਸਮਾਨ ਮੌਕੇ ਯਕੀਨੀ ਬਣਾਉਣਾ ਹੈ। ਉਹਨਾਂ ਦੱਸਿਆ ਕਿ ਜਦੋਂ ਇੱਕ ਲੜਕੀ ਨੂੰ ਸਿੱਖਿਆ, ਸਿਹਤ, ਸੁਰੱਖਿਆ ਤੇ ਆਤਮ ਨਿਰਭਰਤਾ ਪ੍ਰਾਪਤ ਹੁੰਦੀ ਹੈ, ਤਦੋਂ ਪੂਰਾ ਸਮਾਜ ਅੱਗੇ ਵਧਦਾ ਹੈ। ਸਾਨੂੰ ਲੜਕੀਆਂ ਅਤੇ ਲੜਕਿਆਂ ਵਿੱਚ ਕੋਈ ਵੀ ਅੰਤਰ ਨਹੀਂ ਸਮਝਣਾ ਚਾਹੀਦਾ। ਲੜਕੀਆਂ ਦਾ ਪਾਲਣ ਪੋਸ਼ਣ ਅਤੇ ਵਿੱਦਿਆ ਲੜਕਿਆ ਦੇ ਬਰਾਬਰ ਹੀ ਕਰਵਾਉਣੀ ਚਾਹੀਦੀ ਹੈ। ਸਾਨੂੰ ਮੁੰਡਿਆਂ ਦੀ ਲੋਹੜੀ ਦੀ ਤਰ੍ਹਾਂ ਧੀਆਂ ਦੀ ਲੋਹੜੀ ਵੀ ਮਨਾਉਣੀ ਚਾਹੀਦੀ ਹੈ। ਸਮਾਜ ਵਿੱਚੋ ਦਹੇਜ ਵਰਗੀਆਂ ਕੁਰੀਤੀਆਂ ਨੂੰ ਖਤਮ ਕਰਨਾ ਚਾਹੀਦਾ ਹੈ। ਸਮਾਜ ਵਿੱਚ ਲੜਕੀਆਂ ਨਾਲ ਹੋ ਰਹੀਆਂ ਘਨਾਉਣੀਆਂ ਹਰਕਤਾਂ ਨੂੰ ਨੱਥ ਪਾਉਣੀ ਚਾਹੀਦੀ ਹੈ। ਸਾਨੂੰ ਲੜਕਿਆਂ ਨੂੰ ਵੀ ਕੁੜੀਆਂ ਦੀ ਇੱਜ਼ਤ ਕਰਨ ਲਈ ਸਮਝਾਉਣਾ ਚਾਹੀਦਾ ਹੈ।

ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਕਿਸ਼ੋਰੀਆਂ ਲਈ ਆਇਰਨ ਫੋਲਿਕ ਐਸਿਡ ਟੈਬਲੈਟ ,ਟੀਕਾਕਰਣ ਪ੍ਰੋਗਰਾਮ, ਮਾਸਿਕ ਧਰਮ ਸਫ਼ਾਈ ਬਾਰੇ ਜਾਗਰੂਕਤਾ ਕੈਂਪ, ਅਤੇ ਬਾਲੜੀ ਰਕਸ਼ਕ ਯੋਜਨਾ ਚਲਾਈ ਜਾ ਰਹੀ ਹੈ । ਉਹਨਾਂ ਸਿਹਤ ਵਿਭਾਗ ਵੱਲੋਂ ਭਰੂਣ ਹੱਤਿਆਂ ਨੂੰ ਰੋਕਣ ਲਈ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਦੱਸਦਿਆਂ ਕਿਹਾ ਕਿ ਜਿਲਾ ਪੱਧਰ ਤੋਂ ਰਾਜ ਪੱਧਰ ਤੱਕ ਪੀ.ਸੀ.ਪੀ.ਐਨ.ਡੀ.ਟੀ ਐਕਟ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ। ਜੇਕਰ ਕੋਈ ਐਕਟ ਦੀ ਉਲੰਘਣਾ ਕਰਦਾ ਹੈ ਤਾਂ ਸਿਹਤ ਵਿਭਾਗ ਨੂੰ ਸੂਚਨਾ ਦਿੱਤੀ ਜਾਵੇ। ਸੂਚਨਾ ਦੇਣ ਵਾਲੇ ਨੂੰ ਇੱਕ ਲੱਖ ਰੁਪਏ ਦੀ ਰਾਸ਼ੀ ਦਿੱਤੀ ਜਾਂਦੀ ਹੈ ਅਤੇ ਉਸ ਦਾ ਨਾਮ ਵੀ ਗੁਪਤ ਰੱਖਿਆ ਜਾਂਦਾ ਹੈ। ਪੀ.ਸੀ.ਪੀ.ਐਨ.ਡੀ.ਟੀ ਦੀ ਇੰਨਬਿੰਨ ਪਾਲਣਾ ਕੀਤੀ ਜਾਵੇ ਤਾਂ ਜ਼ੋ ਕਿਸੇ ਵੀ ਤਰ੍ਹਾਂ ਦੀ ਕਾਨੂੰਨੀ ਕਾਰਵਾਈ ਦਾ ਸਾਹਮਣਾ ਨਾ ਕਰਨਾ ਪਵੇ। ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ ਸੁਖਜਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਗਰਭਵਤੀ ਔਰਤ ਦੇ ਅਲਟ੍ਰਾਸਾਊਂਡ ਲਈ ਸਿਰਫ ਮਾਹਿਰ ਡਾਕਟਰ ਹੀ ਰੈਫਰ ਕਰ ਸਕਦੇ ਹਨ। ਇਸ ਐਕਟ ਅਧੀਨ ਲਿੰਗ ਪਛਾਣ ਜਾਂ ਲਿੰਗ ਦੀ ਆਧਾਰਤ ਭਰੂਣ ਹੱਤਿਆ ਕਰਨਾ ਕਾਨੂੰਨੀ ਉਲੰਘਣਾ ਹੈ, ਜਿਸ ਲਈ ਸਖ਼ਤ ਸਜ਼ਾਵਾਂ ਦਾ ਪ੍ਰਬੰਧ ਹੈ। ਇਸ ਐਕਟ ਅਧੀਨ ਕੋਈ ਵੀ ਡਾਕਟਰ, ਲੈਬ ਜਾਂ ਜਨਮ ਪੂਰਵ ਜਾਂ ਪ੍ਰੀ-ਕਨਸੈਪਸ਼ਨ ਜਾਂਚ ਦੌਰਾਨ ਲਿੰਗ ਦੀ ਪਛਾਣ ਨਹੀਂ ਕਰ ਸਕਦੇ,ਹਰ ਕਲੀਨਿਕ ਜਾਂ ਅਲਟਰਾਸਾਂਊਡ ਸੈਂਟਰ ਨੂੰ ਰਜਿਸਟਰ ਹੋਣਾ ਲਾਜ਼ਮੀ ਹੈ, PCPNDT ਐਕਟ ਦੀ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਜੇਲ ਦੀ ਸਜ਼ਾ ਅਤੇ ਜੁਰਮਾਨਾ ਲਗਾਇਆ ਜਾ ਸਕਦਾ ਹੈ,ਹਰ ਸੈਂਟਰ 'ਤੇ 'ਲਿੰਗ ਪਛਾਣ ਕਰਨਾ ਕਾਨੂੰਨੀ ਜੁਰਮ ਹੈ' ਦਾ ਬੋਰਡ ਲਗਾਉਣਾ ਲਾਜ਼ਮੀ ਹੈ । ਉਨ੍ਹਾਂ ਕਿਹਾ ਕਿ ਲੜਕੀਆਂ ਦੀ ਸੁਰੱਖਿਆ ਅਤੇ ਸਿਹਤ ਸਿਰਫ਼ ਪਰਿਵਾਰ ਦੀ ਨਹੀਂ, ਸਗੋਂ ਪੂਰੇ ਸਮਾਜ ਦੀ ਜ਼ਿੰਮੇਵਾਰੀ ਹੈ। ਹਰ ਮਾਪੇ ਨੂੰ ਆਪਣੀ ਬੇਟੀ ਨੂੰ ਖੁੱਲ੍ਹੀ ਸੋਚ ਅਤੇ ਉੱਚ ਸਿੱਖਿਆ ਦੇ ਮੌਕੇ ਦੇਣੇ ਚਾਹੀਦੇ ਹਨ।" ਇਸ ਮੌਕੇ ਜਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ ਸੁਖਜਿੰਦਰ ਸਿੰਘ ਗਿੱਲ, ਜਿਲ੍ਹਾ ਟੀਕਾਕਰਣ ਅਫ਼ਸਰ ਡਾ ਮੀਨਾਕਸ਼ੀ ਸਿੰਗਲਾ, ਡਾ ਮੀਨੂੰ, ਡੀ.ਪੀ.ਐਮ ਗਾਇਤਰੀ ਮਹਾਜਨ,ਪੀ.ਸੀ.ਪੀ.ਐਨ.ਡੀ.ਟੀ ਕੁਆਰਡੀਨੇਟਰ ਸੁਮਨ ਬਾਲਾ, ਕੁਲਵੰਤ ਸਿੰਘ ਅਤੇ ਮੇਘਨਾ ਆਦਿ ਹਾਜ਼ਰ ਸਨ ।